ਜੈਨ ਧਰਮ ਵਿਚ ਮੁਕਤੀ, ਸਿੱਧ ਜਾਂ ਨਿਰਵਾਨ ਨੂੰ ਹੀ ਜਿੰਦਗੀ ਦਾ ਉਦੇਸ਼ ਮੰਨਿਆ ਗਿਆ ਹੈ। ਮੁਕਤੀ ਪ੍ਰਾਪਤ ਕਰਨ ਲਈ ਅਚਾਰਿਆ ਉਮਾਸਵਾਤੀ ਨੇ ਤਤਵਾਰਥ ਸੂਤਰ ਵਿਚ ਸਮਿਅਕ ਦਰਸ਼ਨ, ਸਮਿਅਕ ਗਿਆਨ ਤੇ ਸਮਿਅਕ ਚਾਰਿਤਰ ਨੂੰ ਮੁਕਤੀ ਦਾ ਰਾਹ ਦੱਸਿਆ ਹੈ। ਇਨ੍ਹਾਂ ਤਿੰਨਾਂ ਨੂੰ ਤਿੰਨ ਰਤਨ ਵੀ ਆਖਦੇ ਹਨ। ਪਰ ਕਈ ਪ੍ਰਾਚੀਨ ਗ੍ਰੰਥਾਂ ਵਿਚ ਤੱਪ ਨੂੰ ਵੀ ਨਾਲ ਸ਼ਾਮਲ ਕੀਤਾ ਗਿਆ ਹੈ।

ਮਤੀ-ਸ਼ਰੁਤ-ਵਿਭੰਗ ਅਗਿਆਨ : ਇਨ੍ਹਾਂ ਦਾ ਵਰਨਣ ਪਹਿਲੇ ਤਿੰਨ ਗਿਆਨਾ ਦੀ ਤਰਾਂ ਹੈ। ਸਮਿਅੱਕ ਦਰਿਸ਼ਟੀ ਦਾ ਗਿਆਨ, ਗਿਆਨ ਹੈ। ਮਿਥਿਆ ਦਰਿਸ਼ਟੀ ਦਾ ਗਿਆਨ ਅਗਿਆਨ ਹੈ।

## ਸਮਿਅਕ ਦਰਸ਼ਨ

ਸਮਿਅਕ ਦਾ ਅਰਥ ਹੈ ਯਥਾਰਥ ਜਾਂ ਸਹੀ। ਮੋਹ ਕਰਮ ਦੇ ਪ੍ਰਮਾਣੂਆਂ ਦੇ ਖਾਤਮੇ ਨਾਲ ਆਦਮੀ ਦੀ ਚੇਤਨਾ ਬੁੱਧੀ ਜਾਗਦੀ ਹੈ। ਇਸੇ ਜਾਗਦੀ ਅਵਸਥਾ ਵਿਚ ਜੀਵ ਹਰ ਵਸਤੂ ਨੂੰ ਠੀਕ ਢੰਗ ਨਾਲ ਵੇਖਦਾ ਹੈ। ਠੀਕ ਤੇ ਸੱਚੇ ਢੰਗ ਨਾਲ ਵੇਖਣ ਦਾ ਨਾਂ ਹੀ ਸਮਿਅਕ ਦਰਸ਼ਨ ਹੈ।

ਦੇਵ, ਗੁਰੂ, ਧਰਮ, ਸ਼ਾਸਤਰ, ਨੌ ਤਤਵਾਂ (ਜੀਵ ਅਜੀਵ) ਵਿਚ ਸ਼ਰਧਾ ਰੱਖਣਾ, ਤਤਵਾਂ ਨੂੰ ਸਹੀ ਪਛਾਣਨਾ ਹੀ ਸਮਿਅਕ ਦਰਸ਼ਨ ਦੀ ਸਾਧਾਰਣ ਪਰਿਭਾਸ਼ਾ ਹੈ। ਇਸੇ ਨੂੰ ਸਮਿਅਕੱਤਵ ਵੀ ਆਖਦੇ ਹਨ ਜੋ ਕਿ ਜੈਨ ਧਰਮੀ ਦਾ ਹੀ ਦੂਸਰਾ ਨਾਮ ਹੈ।

### ਜਾਨਣ ਯੋਗ ਪ੍ਰਮੁੱਖ ਗੱਲਾਂ

ਸਮਿਅਕ ਦਰਸ਼ਨ ਵਾਲਾ ਇਨ੍ਹਾਂ ਗੱਲਾਂ ਅਤੇ ਤੱਤਵਾ ਤੇ ਸ਼ਰਧਾ ਕਰਦਾ ਹੈ। 1. ਮੈਨੂੰ ਜੋ ਸੰਪੂਰਨ ਆਤਮਿਕ ਸੁੱਖ ਚਾਹੀਦਾ ਹੈ ਉਹ (ਜੀਵ) ਕੀ ਹੈ ? 2. ਸੰਪਰਕ ਵਿਚ ਆਉਣ ਵਾਲੇ ਤਦਾਰਥ (ਅਜੀਵ) ਕੀ ਹਨ ? 3. ਦੁਖ ਅਤੇ ਅਸਾਂਤੀ (ਆਸ਼ਰਵ) ਦਾ ਕਾਰਣ ਕੀ ਹੈ ? 4. ਦੁਖ ਤੇ ਅਸਾਂਤੀ ਦਾ ਰੂਪ ਕਿ ਹੈ (ਬੰਧ)। 5. ਨਵੇਂ ਆਉਣ ਵਾਲੇ ਦੁੱਖਾਂ ਨੂੰ ਰੋਕਨ (ਸੰਵਰ) ਕਿ ਹੈ। ਦਾ ਉਪਾ 6. ਪਹਿਲਾ ਦੁੱਖਾ ਨੂੰ ਨਸ਼ਟ ਕਰਨ ਦਾ ਉਪਾ (ਨਿਰਜ਼ਰਾ) ਕਿ ਹੈ ? 7. ਅਨੰਤ, ਅਖੰਡ ਸੁੱਖ ਦਾ ਰਸਤਾ (ਮੋਕਸ਼) ਕੀ ਹੈ ? 8. ਪਾਪ ਦਾ ਕਾਰਨ ਕੀ ਹੈ ? 9. ਪੁੰਨ ਦਾ ਕਾਰਣ ਕੀ ਹੈ ? (ਵੇਖੋ 9 ਤੱਤਵ)

ਆਤਮਾ ਦਾ ਨਿਸ਼ਚੇ ਹੋਣਾ, ਇਹ ਸਮਿਅਕ ਦਰਸ਼ਨ ਦੀ ਪੱਕੀ ਪਰਿਭਾਸ਼ਾ ਹੈ। ਜੈਨ ਧਰਮ ਵਿਚ ਵੇਖਣਾ ਅਤੇ ਤੱਤਵ ਸਰਧਾ ਦੇ ਸਮਿਅਕਤਵ ਘੇਰੇ ਵਿਚ ਆ ਜਾਂਦੇ ਹਨ।

ਆਤਮਾ ਨੂੰ ਆਤਮਾ ਰਾਹੀਂ ਵੇਖਣ ਵਾਲਾ ਆਦਮੀ ਕਿਸੇ ਝਮੇਲੇ ਵਿਚ ਨਹੀਂ ਫਸਦਾ। ਅਜਿਹੇ ਆਦਮੀ ਕਰਮ ਮੁਕਤ ਆਤਮਾ ਦਾ ਧਿਆਨ ਕਰਕੇ, ਸਮਿਅਕ ਦਰਸ਼ਨ ਸੰਬੰਧੀ ਡਰ ਨੂੰ ਦੂਰ ਕਰਦਾ ਹੈ ਮਿਥਿਆ ਦਰਸ਼ਨ ਭੈ ਪੈਦਾ ਕਰਦਾ ਹੈ। ਜਿਸ ਦਾ ਦਰਸ਼ਨ (ਵੇਖਣਾ) ਸਮਿਅਕ (ਸਹੀ) ਹੋ ਗਿਆ ਹੈ ਉਸ ਨੂੰ ਸੰਜੋਗ ਜਾਂ ਵਿਯੋਗ ਕਿਸੇ ਦਾ ਡਰ ਨਹੀਂ ਰਹਿੰਦਾ। ਉਹ ਸਮਭਾਵੀ ਜਾਂ ਸਮਤਾ ਜੋਗੀ ਹੈ।

## ਸਮਿਅਕ ਦਰਸ਼ਨ ਦਾ ਆਧਾਰ

ਸਮਿਅਕ ਦਰਸ਼ਨ ਅੰਦਰਲਾ ਤੱਤਵ ਹੈ। ਅੰਦਰਲਾ ਤੱਤਵ ਵਿਖਾਈ ਨਹੀਂ ਦਿੰਦਾ। ਵਿਵਹਾਰਿਕ ਤੱਤਵ ਵਿਖਾਈ ਦਿੰਦੇ ਹਨ। ਸਮਿਅਕ ਦਰਸ਼ਨ ਵਾਲੇ ਦਾ ਵਿਵਹਾਰ ਹੋਰਾਂ ਨਾਲੋਂ ਵੱਖ ਹੁੰਦਾ ਹੈ। ਉਸ ਦੇ ਵਿਵਹਾਰ ਦੇ ਪੰਜ ਅਧਾਰ ਹਨ :—

(1) ਕਸ਼ਮ : ਰਾਗ ਦੇ ਵਸ ਕਾਰਣ ਪੈਦਾ ਹੋਣ ਵਾਲੀ ਮਨ ਦੀ ਅਸ਼ਾਂਤੀ (2) ਨਿਰਵੇਦ ਸੰਸਾਰ ਦੁੱਖਾਂ ਦੀ ਖਾਣ ਹੈ, ਇਹ ਜਾਣ ਕੇ ਲਗਾਵ ਦੀ ਭਾਵਨਾ ਤੋਂ ਮੁਕਤ ਹੋਣਾ (3) ਸੰਵੇਗ ਧਰਮ ਤੇ ਮੁਕਤੀ ਦੀ ਪ੍ਰਾਪਤੀ ਦੀ ਇਛਾ (4) ਅਨੁਕੰਪਾ : ਦਿਆ (ਲੋੜ ਬੰਦਾਂ) ਦੀ ਮਦਦ, ਰਹਿਮ ਦੀ ਭਾਵਨਾ (5) ਆਸਤਿਯ ਜਿਨੇਸ਼ਵਰ ਦੇਵ ਦੇ ਤੱਤਵ ਦਰਸ਼ਨ ਤੇ ਅਟਲ ਸ਼ਰਧਾ ਕਰਨਾ, ਦੁਸਰੇ ਝੂਠੇ ਵਿਸ਼ਵਾਸ਼ਾ ਦਾ ਦਿਲੋਂ ਤਿਆਗ ਇਸ ਵਿਚ ਸ਼ਾਮਲ ਹੈ।

ਮਨ ਦੀ ਅਸ਼ਾਂਤੀ ਦਾ ਕਾਰਣ ਕੋਈ ਵਾਤਾਵਰਣ ਨਹੀਂ ਹੁੰਦਾ। ਸਗੋਂ ਗਲਤ ਦ੍ਰਿਸ਼ਟੀ ਕੋਣ ਹੁੰਦਾ ਹੈ। ਸਹੀ ਵੇਖਣ ਅਤੇ ਸਹੀ ਵਿਸ਼ਵਾਸ ਨਾਲ ਆਤਮਾ ਦਾ ਨਿਸ਼ਾਨਾ ਸਥਿਰ ਹੁੰਦਾ ਹੈ।

ਬੰਧਨ ਤੋਂ ਛੁਟਕਾਰੇ ਲਈ ਅਨਾਸਕਤੀ (ਤਿਆਗ) ਜਰੂਰੀ ਹੈ। ਆਸਕਤੀ (ਲਗਾਵ) ਬੰਧਨ ਹੈ ਅਤੇ ਬੰਧਨ ਅਸ਼ਾਂਤੀ ਹੈ। ਪਦਾਰਥ ਪ੍ਰਤੀ ਹੋਣ ਵਾਲਾ ਰਾਗ ਆਸਕਤੀ ਹੈ।

ਸ਼ਾਂਤ ਹਿਰਦੇ ਵਾਲੇ ਆਦਮੀ ਵਿਚ ਬੰਧਨਾਂ ਨੂੰ ਤੋੜਨ ਦੀ ਇੱਛਾ ਤੇਜ ਹੁੰਦੀ ਹੈ। ਉਹ ਸਾਰੇ ਸੁਮੇਲ ਦੇ ਕਾਰਣ ਨੂੰ ਤੋੜ ਕੇ ਮੁਕਤੀ ਹਾਸਲ ਕਰ ਲੈਂਦੇ ਹਨ।

ਜੋ ਮਨੁੱਖ ਸੁਭਾਵ ਤੋਂ ਬੁਰਾ ਹੈ ਉਹ ਸਮਿਅਕ ਦ੍ਰਿਸ਼ਟੀ ਕੋਣ ਦਾ ਮਾਲਕ ਨਹੀਂ ਹੋ ਸਕਦਾ।

## ਸਮਿਅਕ ਦਰਸ਼ਨ ਦੀਆਂ ਰੁਕਾਵਟਾਂ

ਸੱਚ ਆਤਮਾ ਤੋਂ ਭਿਨ ਨਹੀਂ ਹੈ। ਸੱਚ ਦੀ ਪ੍ਰਾਪਤੀ ਤੋਂ ਬਾਅਦ ਜੋ ਕੁਝ ਪ੍ਰਾਪਤ ਹੋ ਜਾਂਦਾ ਹੈ ਉਹ ਸਮਿਅਕ ਦਰਸ਼ਨ ਹੈ। ਇਸ ਦੀਆਂ ਰੁਕਾਵਟਾਂ ਇਸ ਪ੍ਰਕਾਰ ਹਨ।

(1) ਸ਼ੰਕਾਂ :—ਤੱਤਵਾਂ ਪ੍ਰਤੀ ਸ਼ਕ ਕਰਨਾ (2) ਕਾਂਕਸ਼ਾ : ਮਿਥਿਆ ਵਿਵਹਾਰ ਪ੍ਰਤੀ ਰਸ ਲੈਣਾ (3) ਵਿਚਿਕਿੱਤਸਾ : ਕਰਮ ਫਲ ਪ੍ਰਤੀ ਸ਼ੰਕਾ ਰੱਖਣਾ (4) ਮਿਥਿਆ (ਝੂਠੇ) ਸਿਧਾਂਤਾਂ ਦੀ ਪ੍ਰਸ਼ੰਸਾ ਕਰਨਾ (5) ਮਿਥਿਆਤਵ ਨੂੰ ਧਾਰਨ ਕਰਨਾ।

ਸਮਿਅਕਤਵ ਦੀ ਪਛਾਣ ਦੇ ਤਿੰਨ ਮੁਖ ਸਾਧਨ ਹਨ :—

(1) ਦੇਵ (2) ਗੁਰੂ (3) ਧਰਮ

## ਦੇਵ

ਵੀਤਰਾਗ ਅਰਿਹੰਤ ਪ੍ਰਤੀ ਸੱਚੀ ਸਰਧਾ ਰੱਖਣਾ, ਉਨ੍ਹਾਂ ਦੇ ਆਖੇ ਉਪਦੇਸ਼ ਤੇ ਚਲਨਾ ਦੇਵ ਭਗਤੀ ਹੈ। ਦੇਵ ਦਾ ਸਵਰੂਪ ਅਸੀਂ ਨਵਕਾਰ ਮੰਤਰ ਦੀ ਵਿਆਖਿਆ ਪਾਠ ਵਿਚ ਖੁਲੇ ਢੰਗ ਨਾਲ ਦੇ ਆਏ ਹਾਂ। ਦੇਵ ਦੀਆਂ ਦੋ ਅਵਸਥਾਵਾਂ ਹਨ।

(1) ਅਰਿਹੰਤ (2) ਸਿਧ

ਕੇਵਲ ਗਿਆਨੀ ਜੋ ਅਰਿਹੰਤ ਹਨ ਇਹੋ ਅਰਿਹੰਤ ਨਿਰਵਾਨ ਹਾਸਲ ਕਰਕੇ ਸਿੱਧ ਅਖਵਾਂਦੇ ਹਨ । ਫੇਰ ਇਹ ਜਨਮ ਮਰਨ ਦੇ ਚਕਰ, ਕਾਰਣ ਕਰਮਾਂ ਦਾ ਖਾਤਮਾ ਕਰਕੇ ਨਿਰਵਾਨ ਹਾਸਲ ਕਰਦੇ ਹਨ। ਇਨ੍ਹਾਂ ਸਿੱਧ ਆਤਮਾਵਾਂ ਪ੍ਰਤੀ ਸ਼ਰਧਾ ਤੇ ਭਗਤੀ ਸਮਿਅਕ-ਤਵੀ ਲਈ ਜਰੂਰੀ ਹੈ ਤਾਂ ਕਿ ਉਹ ਵੀ ਉਨ੍ਹਾਂ ਆਤਮਾਵਾਂ ਵਰਗਾ ਬਣ ਸਕੇ। ਰਾਗ ਦਵੇਸ਼ ਦਾ ਜੇਤੂ ਵੀਤਰਾਗ ਆਤਮਾ ਹੀ ਦੇਵ ਹੈ ।

## ਗੁਰੂ

ਜੋ ਸੰਸਾਰ ਦੇ ਵਿਸ਼ੇ ਵਿਕਾਰਾਂ ਨੂੰ ਛੱਡ ਕੇ ਤਿਆਗੀ ਬਣ ਚੁਕੇ ਹਨ। ਪੰਜ ਮਹਾ ਵਰਤਾਂ, ਪੰਜ ਸਮਿਤਿਆਂ ਅਤੇ ਤਿੰਨ ਗੁਪਤੀਆਂ ਪਾਲਨਾ ਕਰਦੇ ਹੋਏ, ਹਜਾਰਾ ਲੋਕਾਂ ਨੂੰ ਸੱਚੇ ਦੇਵ, ਸੱਚੇ ਗੁਰੂ ਤੇ ਸੱਚੇ ਵੀਤਰਾਗ ਧਰਮ ਦਾ ਉਪਦੇਸ਼ ਦਿੰਦੇ ਹਨ ਪਾਪਾਂ ਤੋਂ ਬਚਣ ਦੀ ਪ੍ਰੇਰਣਾ ਦਿੰਦੇ ਹਨ। ਖੁਦ ਤਰਦੇ ਹਨ ਹੋਰਾਂ ਨੂੰ ਤੇਰਦੇ ਹਨ। ਉਹ ਗੁਰੂ ਹਨ।

## ਧਰਮ

ਜੈਨ ਧਰਮ ਵਿਚ ਆਖੇ (ਜੀਵ), ਅਜੀਵ ਆਦਿ ਨੌ ਤੱਤਵਾਂ ਗਿਆਨ ਸਾਧੂ ਤੇ ਸ਼੍ਰਾਵਕ ਧਰਮ ਪ੍ਰਤੀ ਆਖੇ ਕਰਤਵਾਂ ਪ੍ਰਤੀ ਜਾਗਰਤ ਰਹਿਣਾ ਅਤੇ 10 ਪ੍ਰਕਾਰ ਦੇ ਖਿਮਾ ਆਦਿ ਧਰਮ ਦਾ ਪਾਲਣਾ ਕਰਣਾ ਹੀ ਸੱਚੇ ਸਮਿਅਕਤਵੀ ਦਾ ਲੱਛਣ ਹੈ।

ਵੀਤਰਾਗ ਦੇ ਆਖੇ ਧਰਮ ਉਪਦੇਸ਼ ਦੇ ਸ਼ਰਧਾ ਕਰਕੇ ਚਲਣਾ ਹੀ ਸੱਚਾ ਧਰਮ ਹੈ ਅਤੇ ਸੱਚੇ ਦੇਵ, ਗੁਰੂ ਅਤੇ ਧਰਮ ਦੀ ਪਛਾਣ ਹੈ ਜੋ ਮਨੁੱਖ ਨੂੰ ਕਰਮ ਬੰਧ ਤੋਂ ਬਚਾ ਕੇ ਮੁਕਤੀ ਦੇ ਰਾਹ ਵਲ ਲੈ ਜਾਵੇ। ਉਹ ਹੀ ਧਰਮ ਹੈ।

ਸਮਿਅਕ ਗਿਆਨ ਅਤੇ ਸਮਿਅਕ ਦਰਸ਼ਨ ਵੇਖਣ ਨੂੰ ਦੋ ਹਨ ਪਰ ਇਹ ਇਕ ਦੂਸਰੇ ਦੇ ਪਰਿਪੂਰਕ ਹਨ ਇਕ ਦੂਸਰੇ ਨਾਲ ਜੁੜੇ ਹੋਏ ਹਨ। ਗਿਆਨ ਦੇ ਨਾਲ ਹੀ ਦਰਸ਼ਨ ਹੁੰਦਾ ਹੈ, ਅਤੇ ਦਰਸ਼ਨ ਦੇ ਨਾਲ ਗਿਆਨ । ਇਸ ਵਿਚ ਪਹਿਲਾਂ ਅਤੇ ਪਿਛੋਂ ਦਾ ਕੋਈ ਭੇਦ ਨਹੀਂ । ਦਿਗੰਵਰ ਫਿਰਕੇ ਵਿਚ ਪਹਿਲਾ ਸਮਿਅਕ ਦਰਸ਼ਨ ਆਖਿਆ ਜਾਂਦਾ ਹੈ, ਪਰ ਸ਼ਵੇਤਾਂਵਰ ਵਿਚ ਪਹਿਲਾ ਗਿਆਨ । ਭਗਵਾਨ ਮਹਾਵੀਰ ਨੇ ਕਿਹਾ ਹੈ "ਪਹਿਲਾਂ ਗਿਆਨ ਹੈ ਫੇਰ ਦਯਾ ਆਦਿ ਕ੍ਰਿਆ ਹੈ।

## ਸਮਿਅਕ ਚਾਰਿੱਤਰ

ਸਮਿਅਕ ਚਾਰਿੱਤਰ ਤੋਂ ਭਾਵ ਹੈ ਸਹੀ ਆਚਰਣ । ਮਨੁੱਖ ਜੋ ਕੁਝ ਸੋਚਦਾ ਹੈ, ਬੋਲਦਾ ਹੈ ਜਾਂ ਕਰਦਾ ਹੈ ਇਹ ਸਭ ਕੁਝ ਆਚਰਨ ਅਖਵਾਉਂਦਾ ਹੈ। ਉਸ ਦੇ ਆਚਰਨ ਦਾ ਸੁਧਾਰ ਹੀ ਮਨੁੱਖ ਦਾ ਸੁਧਾਰ ਹੈ। ਮਨੁੱਖ ਪਰਵਿਰਤੀ ਵਾਲਾ ਪ੍ਰਾਣੀ ਹੈ। ਇਸ ਵਿਰਤੀ ਦੇ ਤਿੰਨ ਦਰਵਾਜੇ ਹਨ 1) ਮਨ 2) ਵਚਨ ਅਤੇ 3) ਕਾਈਆ । ਇਨ੍ਹਾਂ ਰਾਹੀਂ ਮਨੁੱਖ ਆਪਣਾ ਕੰਮ ਕਰਦਾ ਹੈ ਇਕ ਦੂਸਰੇ ਨਾਲ ਵਾਕਫੀ ਪਾਉਂਦਾ ਹੈ। ਇਹ ਤਿੰਨ (ਯੋਗ)

ਅਜੇਹੇ ਹਨ ਜੋ ਮਨੁੱਖ ਦੀ ਦੁਸ਼ਮਨੀ, ਮੈਤਰੀ, ਲਾਭ, ਹਾਨੀ ਦਾ ਕਾਰਣ ਹਨ ਹਰ ਪਰਵਿਰਤੀ ਨਾਲ ਨਿਵਰਤੀ ਜੁੜੀ ਹੈ ਪਰਵਿਰਤੀ ਤੋਂ ਭਾਵ ਹੈ ਇੱਛਾ ਪੂਰਵਕ ਕਿਸੇ ਕੰਮ ਤੇ ਲਗ ਜਾਨਾ ਅਤੇ ਨਿਵਰਤੀ ਦਾ ਕੰਮ ਪਰਵਿਰਤੀ ਨੂੰ ਰੋਕਣਾ ਹੈ। ਕਿਸੇ ਦਾ ਮਨ ਰਾਹੀਂ ਭਲਾ ਜਾਂ ਬੁਰਾ ਕਰਨਾ ਮਾਨਸਿਕ ਪਰਵਿਰਤੀ ਹੈ ਕੋੜੇ ਮਿੱਠੇ ਵਚਨ ਬੋਲਨਾ ਵਚਨ ਪਰਵਿਰਤੀ ਹੈ। ਸ਼ਰੀਰ ਰਾਹੀਂ ਭੈੜੇ ਜਾਂ ਚੰਗੇ ਕੰਮ ਕਰਨਾ ਕਾਵਿਕ ਪਰਵਿਰਤੀ ਹੈ। ਪਰਵਿਰਤੀ ਦਾ ਚੰਗਾ ਬੁਰਾ ਹੋਣਾ ਮਨੁੱਖ ਦੇ ਅੰਦਰਲੇ ਆਤਮਿਕ ਭਾਵਨਾਵਾਂ ਨਾਲ ਸੰਬੰਧਿਤ ਹੈ।

ਇਸ ਲਈ ਸਮਿਅਕ ਚਾਰਿੱਤਰ ਦੇ ਦੋ ਰੂਪ ਹਨ।

(1) ਪਰਵਿਰਤੀ ਮੁਲਕ (ਗ੍ਰਹਿਸਥ ਧਰਮ) (2) ਨਿਵਰਤੀ ਮੁਲਕ (ਸਾਧੂ ਧਰਮ)

ਗਿਆਨ, ਦਰਸ਼ਨ ਦਾ ਸਮਿਅਕ ਹੋਣਾ ਕਿ ਹੈ ? ਉਸ ਦਾ ਪਤਾ ਸਮਿਅਕ ਚਾਰਿੱਤਰ ਰਾਹੀਂ ਜਾਹਿਰ ਹੁੰਦਾ ਹੈ। ਇਸ ਚਾਰਿੱਤਰ ਧਰਮ ਦਾ ਅਧਾਰ ਹੈ ਅਹਿੰਸਾ ਵਰਤ, ਸੱਤ, ਚੋਰੀ ਨਾ ਕਰਨਾ, ਬ੍ਰਹਮਚਾਰਜ ਅਤੇ ਅਪਾਰੰਗ੍ਰਹਿ ਵਰਤ ਇਸ ਦੇ ਰਖਿਅਕ ਹਨ।

ਜੈਨ ਅਚਾਰਿਆ ਨੇ ਅਹਿੰਸਾ ਨੂੰ ਮੁਲ ਦੋ ਭਾਗਾਂ ਵਿਚ ਵੰਡਿਆ ਹੈ। (1) ਦਰਵ ਹਿੰਸਾ (ਸਰੀਰ ਰਾਹੀਂ ਹਿੰਸਾ) ਭਾਵ ਹਿੰਸਾ (ਮਨ ਰਾਹੀਂ ਕਿਸੇ ਪ੍ਰਤੀ ਨੇਤਿਕ ਹਿੰਸਕ ਭਾਵ ਰਖਨ)

ਜਦ ਕਿਸੇ ਜੀਵ ਨੂੰ ਮਾਰਨ ਜਾਂ ਅਸਾਵਧਾਨੀ ਕਾਰਨ ਭਾਵਨਾਵਾ ਨਾਂ ਹੋਣ ਕਾਰਣ ਦੂਸਰੇ ਜੀਵ ਦਾ ਘਾਤ ਹੋ ਜਾਂਦਾ ਹੈ ਉਹ ਦਰਵ ਹਿੰਸਾ ਹੈ। ਜਦ ਕਿਸੇ ਨੂੰ ਮਾਰਨ, ਸਤਾਉਂਦਾ ਦਾ ਅਸਾਵਧਾਨੀ ਵਸ ਭਾਵ ਹੁੰਦਾ ਹੈ ਤਾਂ ਕਿ ਉਹ ਹਿੰਸਾ ਭਾਵ ਹਿੰਸਾ ਹੈ। ਭਾਵੇਂ ਜੀਵ ਮਰੇ ਜਾਂ ਨਾ ਮਰੇ ਪਰ ਭਾਵ ਹਿੰਸਾ ਕਾਰਨ ਪਾਪ ਕਰਮ ਦਾ ਮਨ ਜਰੂਰ ਹੋ ਜਾਂਦਾ ਹੈ।

ਸਾਧੂ, ਮਨ, ਵਚਨ ਤੇ ਕਾਇਆ ਰਾਹੀਂ ਪੰਜ ਮਹਾ ਵਰਤਾ ਦਾ ਪਾਲਨ ਕਰਦਾ ਹੈ ਉਪਾਸਕ ਸੰਸਾਰ ਵਿਚ ਰਹਿ ਕੇ ਅਹਿੰਸਾ ਦਾ ਪੂਰਨ ਪਾਲਨ ਨਹੀਂ ਕਰ ਸਕਦਾ। ਚਾਰ ਪ੍ਰਕਾਰ ਦੀ ਹਿੰਸਾ ਹੁੰਦੀ ਹੈ।

1) ਸੰਕਲਪੀ :—ਜਾਨ ਬੁਝ ਕੇ, ਬਿਨਾਂ ਕਾਰਨ ਕਿਸੇ ਨਿਰਅਪਰਾਧ ਜੀਵ ਨੂੰ ਮੌਜ ਮਸਤੀ ਜਾ ਖਾਣ ਲਈ ਮਾਰਨਾ ਜਿਵੇਂ ਕਸਾਈ ਦਾ ਧੰਦਾ ਹੈ।

2) ਆਰੰਭਜ :—ਘਰੇਲੂ ਦੁਕਾਨਦਾਰੀ, ਵਿਉਪਾਰ ਅਤੇ ਖੇਤੀ ਵਿਚ ਹੋਣੀ ਵਾਲੀ ਹਿੰਸਾ।

3) ਉਦਯੋਗੀ :—ਕਾਰਖਾਨੇ, ਨੌਕਰੀ, ਫੌਜ ਵਿਚ ਫੌਜੀ ਦੇ ਰੂਪ ਵਿਚ ਹੋਣ ਵਾਲੀ ਹਿੰਸਾ।

4) ਆਰੰਬੀ :—ਭੋਜਨ, ਘਰੇਲੂ ਕੰਮ ਕਾਜ ਵਿਚ ਹੋਣ ਵਾਲੀ ਹਿੰਸਾ।

5) ਵਿਰੋਧੀ :—ਆਪਣੀ ਜਾਂ ਦੂਸਰੇ ਦੀ ਰਖਿਆ ਕਰਦੇ ਹੋਣ ਵਾਲੀ ਹਿੰਸਾ

ਉਪਾਸਕ ਸੰਕਲਪੀ ਹਿੰਸਾ ਦਾ ਪੂਰਾ ਤਿਆਗ ਕਰਦਾ ਹੈ।

ਜੈਨ ਉਪਾਸਕ ਸਥਾਵਰ ਅਤੇ ਇਕ ਇੰਦਰੀਆ ਜੀਵ ਦੀ ਹਿੰਸਾ ਤੋਂ ਨਹੀਂ ਬਚ ਸਕਦਾ। ਪਰ ਤਰੱਸ ਜੀਵਾਂ ਦੇ ਮਾਮਲੇ ਵਿਚ ਸੰਕਲਪੀ ਹਿੰਸਾ ਦਾ ਤਿਆਗ ਕਰਦਾ ਹੈ।

## ਸਮਿਅਕ ਚਾਰਿੱਤਰ ਦੇ ਪੰਜ ਭੇਦ ਹਨ

1) ਸਮਾਇਕ ਚਾਰਿਤਰ : ਸਮਾਇਕ ਵਰਤ ਧਾਰਨ ਕਰਨਾ (ਵੇਖੋ ਗ੍ਰਹਿਸਥ ਧਰਮ) ਇਹ ਦੋ ਪ੍ਰਕਾਰ ਦਾ ਹੈ : 1) ਥੋੜੇ ਸਮੇਂ ਦਾ 2) ਜੀਵਨ ਭਰ ਦਾ।

2) ਛੇਦੋਪ ਸਥਾਪਨੀਆ : ਮਹਾਂ ਵਰਤਾ ਵੱਲ ਅੱਗੇ ਵਧਣਾ (ਵੇਖੋ ਅਚਾਰਿਆ ਪਦਵੀ)

3) ਪਰਿਹਾਰ ਵਿਸ਼ੁਧ : ਖਾਸ ਢੰਗ ਦੀਆਂ ਤਪਸਿਆ ਆਦਿ ਕਰਨਾ।

4) ਸੁਖਮ ਸੰਪਰਾਏ : ਕਰੋਧ, ਮਾਨ, ਮਾਇਆ ਲੋਭ ਆਦਿ ਕਸ਼ਾਏ ਤੇ ਕਾਬੂ ਕਰਨਾ। ਜਦ ਥੋੜਾ ਜੇਹਾ ਕਸ਼ਾਏ ਦਾ ਅੰਸ਼ ਰਹਿ ਜਾਵੇ ਤਾਂ ਸੰਪਰਾਏ ਹੈ। ਇਹ ਦੋ ਪ੍ਰਕਾਰ ਦਾ ਹੈ : 1] ਵਿਸ਼ੁਧ ਧਿਆਮਾਨ 2] ਸਕਿਲਸ਼ ਮਾਨ।

5) ਯਥਾਆਖਿਆਤ : ਵੀਤਰਾਗਤਾ ਧਾਰਨ ਕਰਨਾ।

ਚਾਰਿੱਤਰ ਧਾਰਨ ਕਰਨ ਵਾਲਾ ਆਦਮੀ ਸਥਿਰ ਬੁਧੀ ਹੋ ਜਾਂਦਾ ਹੈ। ਗਿਆਨ ਰਾਹੀਂ ਉਹ ਅਗਿਆਨ ਦਾ ਖਾਤਮਾ ਕਰ ਲੈਂਦਾ ਹੈ। ਉਹ ਦਰਸ਼ਨ ਰਾਹੀਂ, ਜਨਮ ਮਰਨ ਦਾ ਕਾਰਨ ਜਾਣ ਕੇ ਮੁਕਤੀ ਦਾ ਰਾਹ ਤਿਆਰ ਕਰ ਲੈਂਦਾ ਹੈ।

ਚਾਰਿੱਤਰ ਰਾਹੀਂ ਉਹ ਸਥਿਰ ਬੁਧੀ ਹੋ ਕੇ ਕਰਮਾਂ ਨੂੰ ਰੋਕਦਾ ਹੈ।

ਮੁਕਤੀ ਦੇ ਚਾਰ ਸਾਧਨ ਇਸ ਪ੍ਰਕਾਰ ਆਗਮਾ ਵਿਚ ਆਖੇ ਗਏ ਹਨ :—

(1) ਗਿਆਨ (2) ਦਰਸ਼ਨ (3) ਚਾਰਿਤਰ (4) ਤੱਪ

ਸਮਿਅਕ ਗਿਆਨ ਰਾਹੀਂ ਸ਼ੱਚ ਦਾ ਗਿਆਨ ਹੁੰਦਾ ਹੈ। ਸਮਿਅਕ ਦਰਸ਼ਨ ਰਾਹੀਂ ਸਚਾਈ ਪ੍ਰਤੀ ਸ਼ਰਧਾ ਹੁੰਦੀ ਹੈ। ਸਮਿਅਕ ਚਾਰਿੱਤਰ ਰਾਹੀਂ ਆਉਣ ਵਾਲੇ ਕਰਮਾਂ ਦਾ ਸੰਬਰ ਹੁੰਦਾ ਹੈ ਅਤੇ ਤੱਪ ਰਾਹੀਂ ਪਿਛਲੇ ਕਰਮਾਂ ਦੀ ਨਿਰਜਰਾ ਹੁੰਦੀ ਹੈ।

## ਸਮਿਅੱਕਤਵ ਦੇ ਭੇਦ

1) ਔਪਸ਼ਮੀਕ :—ਅਨੰਤਾਨੁਬੰਧੀ ਕਸ਼ਾਏ (ਕਰੋਧ, ਮਾਨ, ਮਾਇਆ, ਲੋਭ) ਅਤੇ ਦਰਸ਼ਨਾਂ ਮੋਹਨੀਆਂ ਕਰਮ ਦੀ ਆਤ ਪ੍ਰਾਕ੍ਰਿਤੀਆਂ ਉਪਸ਼ਮ (ਘੱਟ ਹੋਣਾ) ਹੋਣ ਤੇ ਜੋ ਆਤਮਾ ਦੀ ਤੱਤਵ ਰੁੱਚੀ ਹੁੰਦੀ ਹੈ ਉਹ ਔਪਸ਼ਮੀਕ ਸਮਿਅੱਕਤਵ ਹੈ।

2) ਸਾਸਵਾਦਨ :—ਜੀਵ ਦਾ ਜੋ ਪਰਿਣਾਮ (ਹਾਲਤ) ਥੋੜੇ ਜਿਹੇ ਸਮਿਅੱਤਵ ਦੇ ਸਵਾਦ ਵਾਲਾ ਹੈ ਉਹ ਸਾਸਵਾਦਨ ਹੈ।

3) ਸ਼ਯੋਪਸ਼ਮੀਕ :—ਅਨੰਤਾ ਨੂੰ ਬੰਧੀ ਕਸ਼ਾਏ ਅਤੇ ਮਿਥਿਆਤਵ ਦਾ ਖਾਤਮਾ ਕਰਕੇ ਉਪਸ਼ਮ ਕਰਦੇ ਹੋਏ, ਜੋ ਜੀਵ ਦੀ ਤੱਤਵ ਰੁਚੀ ਹੈ ਉਹ ਸ਼ਯੋਪਸ਼ਮੀਕ ਹੈ।

4) ਵੇਦਕ :—ਸ਼ੂਪਕ ਸ਼ਰੇਣੀ (ਵੇਖੋ ਗੁਣ ਸਥਾਨ) ਪ੍ਰਾਪਤ ਕਰਨ ਤੋਂ ਪਹਿਲਾ ਅਨੰਤਾਨੁ ਬੰਧੀ, ਮਿਥਿਆਤਵ ਮੋਹਨੀਆ ਅਤੇ ਮਿਸ਼ਰ ਮੋਹਨੀਆ ਕਰਮਾ ਦਾ ਖਾਤਮਾ ਹੋਣ ਤੇ ਜੋ ਪੁਦਗਲ ਦਾ ਅੰਸ਼ ਬਚ ਜਾਂਦਾ ਹੈ ਉਸ ਨੂੰ ਨਸ਼ਟ ਕਰਦਾ ਹੋਇਆ ਜੀਵ, ਆਖਰੀ ਇਕ ਸਮੇਂ ਵਿਚ ਜੋ ਭੋਗ ਦਾ ਹੈ ਉਹ ਵੇਦ ਸਮਿਅੱਕਤਵ ਹੈ।

4) ਸਾਯਿਕ :—ਉਪਰੋਕਤ ਕਰਮ ਦੀਆਂ 7 ਪ੍ਰਾਕ੍ਰਿਤੀਆਂ ਦਾ ਹਮੇਸ਼ਾ ਖਾਤਮਾ ਹੈ ਇਸ ਤੋਂ ਬਾਅਦ ਜੋ ਤੱਤਵ ਰੁਚੀ ਪ੍ਰਾਪਤ ਹੁੰਦੀ ਹੈ। ਉਹ ਸ਼ਾਯਕ ਸਮਿਅੱਤਵ ਹੈ। ਇਹ ਸਮਿਅੱਕਤਵ ਹਮੇਸਾਂ ਰਹਿੰਦਾ ਹੈ। ਇਸ ਸਮਿਅੱਕਤਵ ਨੂੰ ਪ੍ਰਾਪਤ ਜੀਵ ਉਸ ਜਨਮ ਵਿਚ ਵੀ ਮੋਕਸ਼ ਜਾ ਸਕਦਾ ਹੈ। ਨਹੀਂ ਤਾਂ ਤੀਸਰੇ ਜਨਮ ਹਰ ਹਾਲਤ ਮੋਕਸ਼ ਚਲਾ ਜਾਂਦਾ ਹੈ।

## ਸਮਿਅੱਕਤਵ ਦੇ 6 ਸਥਾਨ (ਮਾਨਤਾਵਾਂ)

ਸਮਿਅੱਕਤਵੀ ਮਨ ਨੂੰ ਇਨ੍ਹਾਂ ਸਥਾਨਾ ਤੇ ਸਥਾਪਿਤ ਕਰਦਾ ਹੈ।

1) ਆਤਮਾ ਸਰੀਰ ਤੋਂ ਆਲਗ ਸੁਤੰਤਰ ਦਰਵ ਹੈ।

2) ਇਹ ਆਤਮਾ ਨਿੱਤ ਹੈ ਸਨਾਤਨ ਹੈ ਕਿਸੇ ਨੇ ਬਣਾਇਆ ਨਹੀਂ, ਨਾ ਹੀ ਇਸ ਦਾ ਨਾਮ ਹੈ।

3) ਆਤਮਾ ਕਰਮਾ ਦਾ ਕਰਤਾ ਹੈ ਮਿਥਿਆਤਵ ਆਦਿ ਕਾਰਣ ਕਰਮਾਂ ਦੀ ਇਕੱਠਾ ਕਰਦਾ ਹੈ।

4) ਇਹ ਆਤਮਾ ਆਪਣੇ ਕੀਤੇ ਕਰਮਾਂ ਦਾ ਭੋਗਨ ਵਾਲਾ ਵੀ ਆਪ ਹੈ।

5) ਆਤਮਾ ਦਾ ਮੋਕਸ਼ ਵੀ ਹੁੰਦਾ ਹੈ। ਸੰਸਾਰ ਅਨਾਦੀ ਕਾਲ ਤੋਂ ਹੈ "ਸੋ ਮੋਕਸ਼ ਅਸੰਭਵ ਹੈ" ਇਹ ਮਾਨਤਾ ਗਲਤ ਹੈ।


6) ਮੋਕਸ ਲਈ ਸਚਾ ਰਾਹ ਗਿਆਨ, ਦਰਸ਼ਨ, ਚਾਰਿੱਤਰ ਤੇ ਤੱਪ ਹੈ।

## ਮਿਥਿਆਤਵ

ਸਵਾਲ ਪੈਦਾ ਹੁੰਦਾ ਹੈ ਮਿਥਿਆਤਵ ਕਿ ਹੈ ਜੋ ਆਤਮਾ ਨੂੰ ਕਰਮ ਵਿਚ ਬੰਧਦਾ ਹੈ।

ਸਮਿਅੱਕਤਵ (ਸਮਿਅਕ ਦਰਸ਼ਨ) ਦਾ ਉਲਟ ਮਿਥਿਆਤਵ ਹੈ, ਜਿਸਤੋਂ ਭਾਵ ਗਲਤ ਧਾਰਣਾ ਹਨ। (1) ਅਧਰਮ ਨੂੰ ਧਰਮ ਸਮਝਣਾ (2) ਧਰਮ ਨੂੰ ਅਧਰਮ ਸਮਝਣਾ (3) ਝੂਠੇ ਮਾਰਗ ਨੂੰ ਸਚਾ ਮਾਰਗ ਸਮਝਣਾ (4) ਸੱਚੇ ਨੂੰ ਝੂਠਾ ਮਾਰਗ ਸਮਝਣਾ (5) ਅਜੀਵ ਨੂੰ ਜੀਵ ਸਮਝਣਾ (6) ਜੀਵ ਨੂੰ ਅਜੀਵ ਸਮਝਣਾ (7) ਅਸਾਧੂ ਨੂੰ ਸਾਧੂ ਸਮਝਣਾ (8) ਸਾਧੂ ਨੂੰ ਅਸਾਧੂ ਸਮਝਣਾ (9) ਅਮੁਕਤ (ਬਿਨਾ ਕਿਰਵਾਨ ਵਾਲੇ) ਜੀਵ ਨੂੰ ਮੁਕਤ ਸਮਝਣਾ (10) ਮੁਕਤ ਜੀਵ ਨੂੰ ਅਮੁਕਤ ਸਮਝਣਾ। ਇਹ 10 ਪ੍ਰਕਾਰ ਦਾ ਮਿਥਿਆਤਵ ਸਥਾਨੰਗ ਸੂਤਰ ਵਿਚ ਮਿਲਦਾ ਹੈ।

# ਨਵ ਤੱਤਵ




ਇਸ ਚਿੱਤਰ ਵਿਚ ਪੁੰਨ ਨੂੰ ਸੁਧ ਪਾਣੀ ਅਤੇ ਪਾਪ ਨੂੰ ਅਸੁਧ ਪਾਣੀ ਕਿਹਾ ਹੈ। ਜੀਵ ਰੂਪੀ ਸਰੋਵਰ ਵਿਚ ਕਰਮ ਦਾ ਪਾਣੀ ਆ ਰਿਹਾ। ਨਿਰਜਰਾ ਰੂਪੀ ਸੂਰਜ ਨਾਲ ਪੁੰਨ ਅਤੇ ਪਾਪ ਦੇ ਕਰਮਾ ਦਾ ਪਾਣੀ ਭਾਪ ਬਣ ਕੇ ਉਡ ਜਾਂਦਾ ਹੈ ਅਤੇ ਆਤਮਾ ਮੋਕਸ਼ ਨੂੰ ਪ੍ਰਾਪਤ ਕਰ ਲੈਂਦੀ ਹੈ।

# ਨੌ ਤੱਤਵ

ਜੈਨ ਧਰਮ ਵਿਚ ਸਮਿਅਕ ਦਰਸ਼ਨ ਦਾ ਅਰਥ ਤਤਵਾਂ ਪ੍ਰਤੀ ਸ਼ਰਧਾ ਹੈ।

ਜੈਨ ਧਰਮ ਤੇ ਦਰਸ਼ਨ ਵਿਚੋਂ ਨੌ ਤੱਤਵਾਂ ਦਾ ਬਹੁਤ ਹੀ ਪ੍ਰਮੁੱਖ ਸਥਾਨ ਹੈ ਜੇ ਇੰਝ ਵੀ ਆਖ ਲਿਆ ਜਾਵੇ ਕਿ ਇਕ ਇਹ ਨੌ ਤੱਤਵ ਜੈਨ ਧਰਮ ਦਾ ਸਾਰ ਹਨ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ।

## ਤੱਤਵ ਕੀ ਹੈ ?

ਦਰਸ਼ਨ ਸ਼ਾਸਤਰ ਦਾ ਅਧਿਐਨ ਤੱਤਵ ਤੋਂ ਹੀ ਹੁੰਦਾ ਹੈ। ਸੰਸਾਰਿਕ ਦਰਿਸ਼ਟੀ ਨਾਲ ਅਸੀ ਤੱਤਵ ਦਾ ਅਰਥ ਅਸਲਿਅਤ ਲੈਂਦੇ ਹਾਂ।

ਵੈਦਿਕ ਦਰਸ਼ਨ ਵਿਚ ਪ੍ਰਮਾਤਮਾ ਤੇ ਬ੍ਰਹਮਾਂ ਲਈ ਤੱਤਵ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਬੁੱਧ ਦਰਸ਼ਨ ਵਿਚ ਸੰਕਧ, ਆਯਤਨ, ਧਾਤੂ ਆਦਿ ਭਿੰਨ ਤੱਤਵ ਹਨ।

ਚਾਰਵਾਕ ਆਦਿ ਨਾਸਤਕ ਦਰਸ਼ਨ ਵਿਚ ਪ੍ਰਿਥਵੀ, ਜਲ, ਅੱਗ, ਹਵਾ ਤੇ ਅਕਾਸ਼ ਨੂੰ ਤੱਤਵ ਕਿਹਾ ਗਿਆ ਹੈ।

ਵੈਸ਼ਸਿਕ ਦਰਸ਼ਨ ਵਿਚ ਦਰਵ, ਗੁਣ, ਕਰਮ, ਸਮਾਨਯ, ਵਿਸ਼ੇਸ਼ ਅਤੇ ਸਮਵਾਏ ਆਦਿ ਛੇ ਤੱਤਵ ਹਨ। ਸਾਂਖਯ ਦਰਸ਼ਨ ਵਿਚ ਹੀ ਪੁਰਸ਼, ਪ੍ਰਾਕ੍ਰਿਤੀ ਮਹੱਤਤਵ, ਅਹੰਕਾਰ ਆਦਿ 25 ਤਤਵ ਹਨ। ਮੀਮਾਂਸਾ ਦਰਸ਼ਨ ਦੇ ਦੋ ਹੀ ਤੱਤਵ ਹਨ : ਕਰਮ ਅਤੇ ਈਸ਼ਵਰ।

ਜੈਨ ਦਰਸ਼ਨ ਵਿਚ ਸੰਸਾਰ ਦਾ ਮੂਲ ਅਧਾਰ 9 ਤੱਤਵ ਹਨ। ਇਨ੍ਹਾਂ ਨੂੰ ਸਿਧ ਕਰਨ ਦੀ ਕੋਈ ਜ਼ਰੂਰਤ ਨਹੀਂ। ਇਨ੍ਹਾ ਤਤਵਾਂ ਦਾ ਨਾਂ ਕੋਈ ਸ਼ੁਰੂ ਹੈ ਅਤੇ ਨਾ ਹੀ ਕੋਈ ਅੰਤ ਹੈ। ਇਹ ਤਿੰਨੇ ਕਾਲਾਂ ਵਿਚ ਰਹਿੰਦੇ ਹਨ।

ਆਪਣੇ ਆਪ ਨੂੰ ਪਛਾਣਨਾਂ ਹੀ ਜੀਵਨ ਦਾ ਇਕ ਉਦੇਸ਼ ਹੈ। ਇਸ ਲਈ ਜੀਵ ਨੂੰ ਜੜ ਅਤੇ ਚੇਤਨ ਦਾ ਗਿਆਨ ਹੋਣਾ ਜਰੂਰੀ ਹੈ।

ਜੈਨ ਦਰਸ਼ਨ ਆਖਦਾ ਹੈ ਆਤਮਾ ਅੱਡ ਹੈ ਤੇ ਪੁਦੱਗਲ ਅਡ ਹੈ।

(1) ਜੈਨ ਦਰਸ਼ਨ ਵਿਚ ਤੱਤਵ ਦੇ 3 ਭਾਗ ਬਣਾਏ ਗਏ ਹਨ।

ੳ) (1) ਜੀਵ (2) ਅਜੀਵ

ਅ) (1) ਜੀਵ (2) ਅਜੀਵ (3) ਆਸ਼ਰਵ (4) ਬੰਧ (5) ਸੰਬਰ (6) ਨਿਰਜਰਾ (7) ਮੋਕਸ਼ (ਦਿਗੰਵਰ ਜੈਨ ਪ੍ਰੰਪਰਾ ਅਨੁਸਾਰ)

ੲ) (1) ਜੀਵ (2) ਅਜੀਵ (3) ਪੁੰਨ (4) ਪਾਪ (5) ਆਸ਼ਰਵ (6) ਸੰਬਰ

(7) ਨਿਰਜਰਾ (8) ਬੰਧ (9) ਮੋਕਸ਼ (ਸ਼ਵੇਤਾਂਵਰ ਜੈਨ ਪ੍ਰੰਪਰਾ ਅਨੁਸਾਰ)

ਦੇਵ, ਗੁਰੂ ਧਰਮ ਸ਼ਾਸਤਰ ਅਤੇ ਤਤਵ ਦੇ ਪ੍ਰਤਿ ਸ਼ਰਧਾ ਵਿਵਹਾਰ ਸਮਿਅਕੱਤਵ (ਸਮਿਅਕ ਦਰਸ਼ਨ) ਦਾ ਲਛਣ ਹੈ ਉਹ ਤਦ ਹੀ ਸਾਰਥਕ ਅਤੇ ਸਫਲ ਹੋ ਸਕਦਾ ਹੈ ਜਦ ਆਤਮਾ ਦੇ ਪ੍ਰਤਿ ਸ਼ਰਧਾ ਜਾ ਅਨੁਭੂਤੀ ਹੋਵੇ ਅਤੇ ਆਤਮਾ ਦੇ ਪ੍ਰਤੀ ਦ੍ਰਿੜ ਪ੍ਰਤੀਤੀ, ਰੁਚੀ ਅਤੇ ਵਿਸ਼ਵਾਸ ਹੋਵੇ। ਜਦ ਨਿਸ਼ਚੇ ਸਮਿਅਕ ਦਰਸ਼ਨ ਨਾਲ ਜੀਵ ਅਤੇ ਅਜੀਵ ਦਾ ਨਿਸ਼ਚੇ ਹੋ ਜ਼ਾਵੇ ਤਾਂ ਜੀਵ ਆਪਣਾ ਸਵਰੂਪ ਪਹਿਚਾਨ ਕੇ, ਆਤਮ ਕਲਿਆਨ ਵੱਲ ਵੱਧਦਾ ਹੈ ਰਾਗ ਅਤੇ ਦਵੇਸ਼ ਛੱਡਦਾ ਹੈ। ਮੋਕਸ਼ ਧਰਮ ਦਾ ਪਾਲਨ ਕਰਦਾ ਹੈ। ਪਰ ਵਿਚ ਸਵੈ ਬੁਧੀ ਅਤੇ ਸਵੈ ਵਿਚ ਪਰ ਬੁੱਧੀ ਦਾ ਰਹਿਣਾ ਮਿਥਿਆਤਵ ਹੈ। ਸਵੈ ਵਿਚ ਸਵ ਬੁਧੀ ਪਰ (ਪਰਾਏ) ਪਰ ਬੁਧੀ ਹੋਣਾ ਨਿਸ਼ਚੇ ਸਮਿਅਕ ਦਰਸ਼ਨ ਹੈ।

## ਜੀਵ

**ਲਛਣ :** ਜੈਨ ਸ਼ਾਸਤਰ ਕਾਰਾਂ ਨੇ ਜੀਵ ਦੇ ਲੱਛਣ ਇਸ ਪ੍ਰਕਾਰ ਆਖੇ ਗਏ ਹਨ :-

1) **ਅਨਾਦੀ :** ਇਸ ਤੋਂ ਭਾਵ ਇਹ ਕਿ ਅਸੀਂ ਇਹ ਨਹੀਂ ਆਖ ਸਕਦੇ ਕਿ ਜੀਵ ਆਤਮਾ ਦਾ ਜਨਮ ਕਿਸੇ ਖਾਸ ਸਮੇਂ ਹੋਈਆ। ਇਸ ਪਖੋਂ ਜੀਵ ਅਜਨਮਾ ਜਾਂ ਅਨਾਦੀ ਹੈ।

(2) ਅਨਿਧਨ :—ਜੀਵ ਕਦੇ ਮਰਦਾ ਨਹੀਂ, ਜੀਵ ਹਮੇਸ਼ਾਂ ਅਮਰ ਹੈ, ਸ਼ਰੀਰ ਦਾ ਮਰਨਾ ਜੀਵ ਦਾ ਮਰਨ ਨਹੀਂ ਅਖਵਾ ਸਕਦਾ।

(3) ਅਕਸ਼ੇ :—ਜੀਵ ਆਤਮਾ ਸ਼ਕਤੀ ਪਖੋਂ ਪਹਿਲਾਂ ਸੀ, ਹੁਣ ਹੈ, ਅਗੋਂ ਨੂੰ ਰਹੇਗਾ। ਜੀਵ ਆਤਮਾ ਦੀ ਸ਼ਕਤੀ ਵਿਚ ਕਦੇ ਘਾਟਾ ਵਾਧਾ ਨਹੀਂ ਹੁੰਦਾ।

(4) ਧਰੁਵ :—ਜੀਵ ਦਰਵ (6 ਦਰਵ) ਪਖੋਂ ਹਮੇਸ਼ਾ ਹੋਂਦ ਵਾਲਾ ਹੈ।

(5) ਨਿੱਤ :—ਦਰੱਵ ਪਖੋਂ ਜੀਵ ਦਰੱਵ ਦਾ ਕਦੇ ਅੰਤ ਨਹੀਂ। ਕੇਵਲ ਪਰਿਆਏ (ਸੁਭਾਅ) ਪਖੋਂ ਸ਼ਰੀਰ ਬਦਲਦਾ ਹੈ। ਇਹ ਪਰਿਵਰਤਨ ਆਤਮਾ ਦਾ ਨਹੀਂ, ਸਗੋਂ ਆਤਮਾ ਦੇ ਸਹਾਰੇ ਟਿਕੇ ਸਰੀਰ ਦਾ ਹੁੰਦਾ ਹੈ।

(6) ਸੰਕੋਚ ਤੇ ਵਿਕਾਸ਼ ਸ਼ੀਲ :—ਨਿਸਚੈ ਪਖੋਂ ਆਤਮਾ (ਜੀਵ) ਕ੍ਰਿਆ ਰਹਿਤ ਹੈ। ਪਰ ਵਿਵਹਾਰ ਪਖੋਂ ਸ਼ਰੀਰ ਹੋਣ ਕਾਰਣ ਵਿਕਾਸਸ਼ੀਲ ਹੈ।

(7) ਦੇਹ ਪਰਿਮਾਣ :—ਜੀਵ ਆਤਮਾ ਸਾਰੇ ਸ਼ਰੀਰ ਵਿਚ ਫੈਲੀ ਹੋਈ ਹੈ। ਇਸ ਲਈ ਆਤਮਾ ਦਾ ਸਥਾਨ ਸਰੀਰ ਦੇ ਅੰਦਰ ਹੈ ਇਹ ਹਿੰਦੂ ਪਰਮ ਤਰਾਂ ਸਰਵ ਵਿਆਪਕ ਨਹੀਂ।

(8) ਅਸੰਖਿਆਤਮਕ ਪ੍ਰਦੇਸ਼ :—ਪ੍ਰਦੇਸ਼ ਦਾ ਅਰਥ ਹੈ ਸੁਖਮ ਤੋਂ ਸੁਖਮ ਭਾਗ। ਆਤਮਾ ਦੇ ਅਸੰਖ ਚੇਤਨ ਪ੍ਰਦੇਸ਼, ਆਪਸ ਵਿਚ ਇਸ ਤਰ੍ਹਾਂ ਜੁੜੇ ਹਨ ਜਿਵੇਂ ਸੰਗਲ ਦੀਆਂ ਲੜੀਆਂ। ਆਤਮਾ ਦੇ ਕਦੇ ਟੁਕੜੇ ਨਹੀਂ ਹੋ ਸਕਦੇ। ਆਤਮਾ ਅਖੰਡ ਹੈ।

(9) ਅਰੂਪੀ ਅਤੇ ਅਮੂਰਤੀਕ: — ਨਸ਼ਚੇ ਪਖੋਂ ਇੰਦਰੀਆਂ ਰਾਂਹੀਂ ਨਾ ਵਿਖਾਈ ਦੇਣ

ਵਾਲੇ ਸ਼ੁਧ ਬੁੱਧ ਰੂਪ ਅਤੇ ਸਰੂਪ, ਰਸ, ਗੰਧ ਤੇ ਸਪਰਸ਼ ਤੋਂ ਰਹਿਤ ਹੈ। ਇਸੇ ਕਾਰਣ ਆਤਮਾ ਅਰੂਪੀ ਹੈ। ਵਿਵਹਾਰ ਪਖੋਂ ਕਰਮਾਂ ਦੀ ਜੰਜੀਰ ਵਿਚ ਜਕੜੀਆ ਹੋਣ ਕਾਰਣ, ਸ਼ਰੀਰ ਦੇ ਅਧੀਨ ਹੋਣ ਕਾਰਣ ਵਰਨ, ਗੰਧ, ਰਸ ਤੇ ਸਪਰਸ਼ ਵਾਲਾ ਹੈ।

(10) ਕ੍ਰਿਆਰਹਿਤ :—ਨਿਸ਼ਚੈ ਤੌਰ ਤੇ ਆਤਮਾ ਸ਼ਕਲ ਰਹਿਤ ਹੋਣ ਕਾਰਣ ਕ੍ਰਿਆ ਰਹਿਤ ਹੈ ਪਰ ਵਿਵਹਾਰ ਪਖੋਂ, ਕਰਮਾਂ ਦੇ ਅਧੀਨ ਜੀਵ ਅਧੋ, ਮਧ ਜਾਂ ਤਿਰਛੇ ਲੋਕ ਵਿਚ ਜਾ ਸਕਦਾ ਹੈ। (ਵੇਖੋ ਲੋਕ ਵਾਦ)

(11) ਉਰਧਵਗਤਿ ਸ਼ੀਲ :—ਨਿਸ਼ਚੇ ਪਖੋਂ ਆਤਮਾ ਕਰਮਾਂ ਤੋਂ ਰਹਿਤ ਹੋ ਕੇ ਹਲਕਾ ਹੋ ਜਾਂਦਾ ਹੈ ਅਤੇ ਆਤਮਾ ਸਿਧਾ ਸੁਭਾਵਿਕ ਰੂਪ ਵਿਚ ਗਤੀ ਕਰਕੇ ਲੋਕ ਅਗਰ (ਲੋਕ ਦੇ ਆਖਰੀ ਹਿਸੇ) ਵਿਚ ਠਹਿਰਦਾ ਹੈ। ਇਸੇ ਸਥਾਨ ਨੂੰ ਸਿਧਸ਼ਿਲਾ (ਪ੍ਰਮਾਤਮਾ ਦਾ ਸਥਾਨ) ਆਖਦੇ ਹਨ। ਜਿਵੇਂ ਧੂਆ ਸੁਭਾਵ ਪਖੋਂ ਉਪਰ ਨੂੰ ਜਾਂਦਾ ਹੈ ਇਸ ਤਰ੍ਹਾਂ ਮੁਕਤ ਆਤਮਾ ਬਿਨਾਂ ਕਿਸੇ ਸਹਾਇਤਾ ਤੋਂ ਆਪਣੇ ਸਥਾਨ ਨੂੰ ਜਾਂਦੀ ਹੈ। ਕਿਉਂਕਿ ਇਹ ਆਤਮਾ ਦਾ ਸੁਭਾਵ ਹੈ। ਇਸ ਸਮੇਂ ਆਤਮਾ ਨੂੰ ਤੇਜਸ ਕਾਰ ਮਨ ਸਰੀਰ ਦੀ ਜਰੂਰਤ ਵੀ ਨਹੀਂ ਰਹਿੰਦੀ।

(12) ਕਰਤਾ ਤੇ ਭੋਗਨ ਵਾਲਾ :—ਚੇਤਨਾ ਗੁਣ ਹੋਣ ਕਾਰਣ ਜੀਵ, ਦੁੱਖ, ਸੁੱਖ ਭੋਗਦਾ ਹੈ ਸ਼ੁਭ, ਅਸ਼ੁਭ ਕਰਮਾਂ ਦਾ ਬੰਧਨ (ਸੰਗ੍ਰਹਿ) ਕਰਦਾ ਹੈ। ਇਸ ਲਈ ਜੀਵ ਕਰਮ ਦਾ ਕਰਤਾ ਤੇ ਭੋਗਨ ਵਾਲਾ ਹੈ।

(13) ਸੰਸਰਤਾ ਅਤੇ ਪਰਿਨਿਰਵਾਤਾ :—ਜੈਨ ਸ਼ਾਸਤਰਾਂ ਅਨੁਸਾਰ ਆਤਮਾ ਮਿਥਿਆਤਵ ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ ਕਾਰਣ ਕਰਮਬੰਧਨ ਕਰਦਾ ਹੈ। (ਵੇਖੋ ਚਿੱਤਰ 1) ਇਸ ਦੇ ਸਿਟੇ ਵਜੋਂ ਆਤਮਾਂ ਨੂੰ ਭਿੰਨ ਭਿੰਨ ਜਨਮਾਂ ਤੇ ਰੂਪਾਂ ਵਿਚ ਜਨਮ ਲੈਣਾ ਪੈਂਦਾ ਹੈ। ਪਰ ਇਹ ਆਤਮਾ ਜਦੋਂ ਆਪਣੀ ਸ਼ਕਤੀ ਨੂੰ ਜਾਗਰਤ ਕਰ ਲੈਂਦਾ ਹੈ ਤਾਂ ਉਹ ਪਾਪ ਪੁੰਨ ਦੇ ਕਾਰਣ ਕਰਮਾਂ ਨੂੰ ਜਾਣ ਲੈਂਦਾ ਹੈ। ਕਰਮਾਂ ਦੇ ਕਾਰਣ ਨੂੰ ਜਾਣ ਕੇ ਜੀਵ ਕਰਮਾਂ ਤੋਂ ਮੁਕਤ ਹੋਣ ਦੀ ਕੋਸ਼ਿਸ ਕਰਦਾ ਹੈ। ਉਸ ਦਾ ਸੁੱਤਾ, ਅੰਨਤ ਗਿਆਨ, ਅਨੰਤ ਦਰਸ਼ਨ, ਅੰਨਤ ਚਾਰਿਤਰ (ਸੁਖ), ਅਨੰਤ ਵੀਰਜ ਜਾਗ ਜਾਂਦਾ ਹੈ। ਸਿਟੇ ਵਜੋਂ ਜੀਵ ਆਤਮਾ ਤੋਂ ਪ੍ਰਮਾਤਮਾ ਬਣ ਜਾਂਦਾ ਹੈ।

(14) ਜੀਵ ਅਨੰਤ ਹਨ। ਜੈਨ ਦਰਸ਼ਨ ਇਕ ਆਤਮਾ ਨੂੰ (ਬ੍ਰਹਮਾ) ਨਹੀਂ ਮੰਨਦਾ। ਜੈਨ ਦਰਸ਼ਨ ਅਨੁਸਾਰ ਜੇ ਇਕ ਹੀ ਆਤਮਾ ਸਭ ਪਾਸੇ ਹੋਵੇ ਤਾਂ ਸੰਸਾਰ ਵਿਚ ਸਾਰੇ ਜੀਵ ਇਕੋ ਸਮੇਂ ਇਕ ਕ੍ਰਿਆ ਕਰਨ। ਸਾਰੇ ਜੀਵਾਂ ਵਿਚ ਆਪਸੀ ਕੋਈ ਭੇਦ ਨਾ ਹੋਵੇ। ਇਸ ਸਿਧਾਂਤ ਅਨੁਸਾਰ ਜੇ ਇਕ ਆਤਮਾ ਮਨ ਲਈ ਜਾਵੇ, ਤਾਂ ਇਕ ਆਤਮਾ

ਦੀ ਮੁਕਤੀ ਨਾਲ ਸਭ ਦੀ ਮੁਕਤੀ ਇਕੋ ਸਮੇਂ ਹੋਣੀ ਚਾਹੀਦੀ ਹੈ। ਜੀਵਾਂ ਵਿਚ ਦੁਖ-ਸੁੱਖ, ਛੋਟੇ ਬੜੇ ਦਾ ਫਰਕ ਦਾ ਦਸਦਾ ਹੈ ਕਿ ਹਰ ਆਤਮਾ ਦੀ ਸੁਤੰਤਰ ਸਤਾ ਹੈ।

ਸਧਾਰਣ ਭਾਸ਼ਾ ਵਿਚ ਅਸੀਂ ਆਖ ਸਕਦੇ ਹਾਂ ਜੋ ਜਿਉਂਦਾ ਹੈ, ਜਿਸ ਵਿਚ ਪ੍ਰਾਣ ਹੈ। ਉਹ ਜੀਵ ਹੈ। ਨਿਸ਼ਚੇ ਪਖੋਂ ਜੀਵ ਭਾਵ ਪ੍ਰਾਣ (ਗਿਆਨ, ਦਰਸ਼ਨ, ਸੁਖ ਅਤੇ ਵੀਰਜ) ਸਹਾਰੇ ਜਿਉਂਦਾ ਹੈ। ਵਿਵਹਾਰ ਪਖੋਂ ਕਰਮ ਵਸ਼ ਅਸ਼ੁਧ ਦਰੱਵ ਭਾਵ ਪ੍ਰਾਣ (5 ਇੰਦਰੀਆਂ 3 ਬਲ, 1 ਆਯੂ ਅਤੇ 1 ਸ਼ਵਾਸੋਸ਼ਵਾਸ)। ਇਹ 10 ਪ੍ਰਾਣਾਂ ਦੇ ਸਹਾਰੇ ਜਿਉਂਦਾ ਹੈ।

ਜੀਵ ਦੀ ਇਹ ਵਿਆਖਿਆ ਸ਼ਰੀਰ ਧਾਰੀ ਜੀਵਾਂ ਤੇ ਲਾਗੂ ਹੁੰਦਾ ਹੈ ਸਿੱਧ (ਸਰੀਰ ਮੁਕਤ) ਆਤਮਾਂਵਾਂ ਤੇ ਨਹੀਂ।

ਉਪਯੋਗ ਜੀਵ ਦਾ ਲਛਣ ਹੈ ਇਹ ਦੋ ਪ੍ਰਕਾਰ ਦਾ ਹੈ। ਸਾਕਾਰ ਉਪ-ਯੋਗ (ਗਿਆਨ) (2) ਨਿਰਾਕਾਰ ਉਪਯੋਗ (ਦਰਸ਼ਨ)। ਭਾਵ ਜਾਨਣਾ ਅਤੇ ਉਸ ਜਾਣਨ ਦੇ ਆਧਾਰ ਤੇ ਵੇਖਣਾ ਜੀਵ ਦਾ ਲੱਛਣ ਹੈ ਚੇਤਨਾਂ ਜੀਵ ਦਾ ਸੁਭਾਵ ਹੈ।

ਜੀਵ ਆਪਣੇ ਕਰਮਾਂ ਦਾ ਖੁਦ ਕਰਨ ਵਾਲਾ ਅਤੇ ਭੋਗਣ ਵਾਲਾ ਹੈ। ਸੰਸਾਰ ਦੇ ਬੰਧਨ ਵਿਚ ਖੁਦ ਹੀ ਫਸਦਾ ਹੈ ਅਤੇ ਖੁਦ ਹੀ ਮੁਕਤ ਹੁੰਦਾ ਹੈ।

ਬੰਧਨ ਵਿਚ ਫਸੀਆ ਜੀਵ ਸੰਸਾਰੀ ਹੈ ਅਤੇ ਬੰਧਨ ਮੁਕੱਤ ਮੋਕਸ਼ ਧਾਰੀ ਨਿਰਾਕਾਰ ਸਿੱਧ ਪ੍ਰਮਾਤਮਾ ਹੈ।

ਜੀਵ (ਆਤਮਾ) ਦਾ ਸ਼ਰੀਰ ਨਾਲ ਸਬੰਧ ਹੈ ਉਹ ਸਰੀਰ ਨਾਲੋਂ ਵੱਖ ਨਹੀਂ। ਜਦ ਸਰੀਰ ਦੁੱਖੀ ਹੁੰਦਾ ਹੈ ਆਤਮਾ ਵੀ ਪ੍ਰਭਾਵਿਤ ਹੁੰਦੀ ਹੈ। ਕਰਮਾਂ ਦੇ ਬੰਧਨ ਕਾਰਣ ਜੀਵ ਸੁਖੀ, ਦੁਖੀ ਹੁੰਦਾ ਹੈ।

ਸਾਰੇ ਸੰਸਾਰੀ ਜੀਵਾਂ ਦੇ ਸਾਝੇ ਲੱਛਣ ਇਹ ਵੀ ਹਨ 1) ਅਹਾਰ ਸੰਗਿਆਂ 2) ਭੈ ਸੰਗਿਆ 3) ਮੈਥੁਨ ਸੰਗਿਆ 4) ਪਰਿਗ੍ਰਹਿ ਸੰਗਿਆ। ਇਨਾਂ ਚਾਰਾਂ ਦੀ ਹੋਂਦ ਸੰਸਾਰੀ ਜੀਵਾਂ ਵਿਚ ਪਾਈ ਜਾਂਦੀ ਹੈ।

## 1. ਜੀਵ ਤੱਤਵ

ਨੌ ਤੱਤਵਾਂ ਵਿਚ ਪਹਿਲਾ ਤੱਤਵਾਂ ਜੀਵ ਹੈ ਇਸ ਦਾ ਵਰਨਣ ਕਰਨ ਲਈ ਬਹੁਤ ਵਡਾ ਗ੍ਰੰਥ ਲਿਖਿਆ ਜਾ ਸਕਦਾ ਹੈ। ਜਿਸ ਵਿਚ ਚੇਤਨਾ ਹੋਵੇ, ਗਿਆਨ ਅਤੇ ਦਰਸ਼ਨ ਗੁਣ ਪਾਇਆ ਜਾਵੇ, ਉਹ ਜੀਵ ਹੈ। ਜੀਵ ਅਨਾਦਿ ਅਨੰਤ, ਸ਼ਾਸਵਤ ਪਦਾਰਥ ਹੈ। ਨਾਂ ਕਿਸੇ ਨੇ ਬਣਾਇਆ ਹੈ ਅਤੇ ਨਾਂ ਉਸ ਦਾ ਵਿਨਾਸ਼ ਹੁੰਦਾ ਹੈ ਜੀਵ ਸਵੈ ਸਿੱਧ ਹੈ। ਜੀਉਦਾ ਰਹਿਣ ਕਾਰਣ ਜੀਵ ਅਖਵਾਉਦਾ ਹੈ। ਜਿਸ ਪ੍ਰਕਾਰ ਅੱਗ ਦਾ ਗੁਣ ਗਰਮੀ ਅੱਗ ਤੋਂ ਅੱਡ ਨਹੀਂ, ਇਸ ਪ੍ਰਕਾਰ ਚੇਤਨਾ ਜੀਵ ਤੋਂ ਭਿੰਨ ਨਹੀਂ ਹੈ। ਜਿਵੇਂ ਅਕਾਸ਼ ਨੂੰ ਬੱਦਲ

ਢੱਕ ਲੈਂਦੇ ਹਨ ਉਸ ਪ੍ਰਕਾਰ ਗਿਆਨ ਵਰਨੀਆ 8 ਪ੍ਰਕਾਰ ਦੇ ਕਰਮਾਂ ਦਾ ਬੱਦਲ ਜੀਵ ਆਤਮਾ ਨੂੰ ਢੱਕ ਲੈਂਦੇ ਹਨ। ਜੀਵ ਜਨਮ ਮਰਨ ਕਰਦਾ ਹੈ। ਕਰਮਾਂ ਦੇ ਬੱਦਲ ਹਟਨ ਤੇ ਪੰਜ ਪ੍ਰਕਾਰ ਦੇ ਗਿਆਨ ਪ੍ਰਗਟ ਹੋ ਜਾਂਦੇ ਹਨ। ਜੀਵ ਆਪਣੇ ਜਨਮ-ਮਰਨ ਵਿਚ ਦੁੱਖ ਸੁਖ ਭੋਗਦਾ ਹੈ। ਇਸ ਵੇਦਨਾ (ਭੋਗਨ) ਕਾਰਣ ਕਰਮ ਵਿਚ ਫਸਦਾ ਤੇ ਛੁਟਦਾ ਹੈ। ਫੇਰ ਸਮਾਂ ਆਉਣ ਤੇ ਕਰਮ ਰੁਪੀ ਬੱਦਲ ਹਟਨੇ ਤੇ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਾਲਾ ਕੇਵਲ ਗਿਆਨ, ਕੇਵਲ ਦਰਸ਼ਨ ਕਾਰਣ ਪ੍ਰਮਾਤਮਾ ਬਣ ਜਾਂਦਾ ਹੈ। ਇਸ ਕਾਰਣ ਪਖੋਂ ਜੀਵ ਆਤਮਾ ਅਨੰਤ ਸ਼ਕਤੀ ਵਾਨ ਹੈ।

ਜਿਵੇਂ ਜੜ ਪ੍ਰਮਾਣੂਆ ਦੇ ਸੰਜੋਗ ਨਾਲ ਸੰਕਧ ਬਨਦਾ ਹੈ। ਉਸੇ ਪ੍ਰਕਾਰ ਅਸੰਖਿਆਤ ਚੇਤਨ ਪ੍ਰਦੇਸ਼ਾ ਦਾ ਸਮੂਹ ਜੀਵ ਹੈ। ਪਰਮਾਣੂਆਂ ਦਾ ਸੰਜੋਗ ਵਿਜੋਗ ਹੁੰਦਾ ਹੈ ਪਰ ਆਤਮਾ ਦੇ ਪ੍ਰਦੇਸਾ ਦਾ ਕਦੇ ਸੰਜੋਗ ਵਿਜੋਗ ਨਹੀਂ ਹੁੰਦਾ। ਜੀਵ ਦੇ ਅਨੇਕਾਂ ਭੇਦ ਹਨ ਜਿਨ੍ਹਾਂ ਦਾ ਵਰਨਣ ਅਗੇ ਕੀਤਾ ਜਾਵੇਗਾ। ਭਿੰਨ 2 ਪਖੋਂ ਜੀਵਾਂ ਦਾ ਵਰਗੀ ਕਰਨ ਇਸ ਪ੍ਰਕਾਰ ਕੀਤਾ ਗਿਆ ਹੈ।

1) ਚੇਤਨਾ ਸਭ ਜੀਵਾਂ ਦਾ ਲੱਛਣ ਹੈ
2) ਸਿੱਧ ਅਤੇ ਸੰਸਾਰੀ
3) ਸਿੱਧ, ਤੱਰਸ (ਹਿਲਨ ਚਲਨ ਵਾਲੇ) ਸਥਾਵਰ। ਇਕਇੰਦਰੀਆਂ ਪ੍ਰਿਥਵੀ, ਅੱਗ, ਹਵਾ, ਪਾਣੀ ਤੇ ਬਨਸਪਤੀ ਦੇ ਜੀਵ।
4) ਇਸਤਰੀ, ਪੁਰਸ਼ ਤੇ ਨਪੁੰਸਕ
5) ਸਿੱਧ, ਮਨੁੱਖ, ਦੇਵ, ਪਸ਼ੂ ਅਤੇ ਨਾਰਕੀ
6) ਇਕ ਤੋਂ ਪੰਜ ਇੰਦਰੀਆ ਵਾਲੇ ਜੀਵ ਸੰਗੀ ਅਤੇ ਅਸੰਗੀ।
7) ਪ੍ਰਿਥਵੀ ਆਦਿ ਪੰਜ ਪ੍ਰਕਾਰ ਤਰੱਸ (ਹਿਲਣ ਚਲਣ ਵਾਲੇ ਦੋ ਇੰਦਰੀ ਤੋਂ ਪੰਜ ਇੰਦਰੀ ਜੀਵ)

ਜੀਵਾਂ ਦੇ ਹੋਰ ਭੇਦ ਇਸ ਪ੍ਰਕਾਰ ਹਨ :

1) ਪਰੀਆਪਤ (ਪੁਰਨ) ਪਰਿਆਪਤ (ਅਪੂਰਨ)
2) ਸੂਖਮ (ਬਰੀਕ) ਬਾਦਰ (ਮੋਟੇ)
3) ਸੰਗੀ (ਵਿਕਸਿਤ ਮਨ ਵਾਲੇ) ਅਸੰਗੀ (ਅਵਿਕਸਤ ਮਨ ਵਾਲੇ ਹਿੱਤ, ਸੋਚਨ ਦੀ ਸ਼ਕਤੀ ਤੋਂ ਰਹਿਤ)
4) ਪ੍ਰਤੇਕ ਤੇ ਸਧਾਰਨ ਇਕ ਸਰੀਰ ਵਿਚ ਇਕ ਜੀਵ ਪ੍ਰਤੇਕ ਹੈ। ਇਕ ਸਰੀਰ ਵਿਚ ਬਹੁਤ ਜੀਵ ਸਧਾਰਨ ਹੈ ਇਸ ਨੂੰ ਨਿਗੋਦ ਜਾ ਅਨੰਭ ਕਾਈਆਂ ਵੀ ਆਖਦੇ ਹਨ।

## ਸੰਗੀ ਅਤੇ ਅਸੰਗੀ ਜੀਵਾਂ ਵਿਚ ਅੰਤਰ

ਜੋ ਜੀਵ ਸਿਖਿਆ, ਕ੍ਰਿਆ, ਉਪਦੇਸ਼ ਅਤੇ ਗਲਬਾਤ ਨੂੰ ਗ੍ਰਹਿਣ ਕਰਦੇ ਹਨ ਉਹ

ਸੰਗੀ ਹਨ ਇਸਦੇ ਉਲਟ ਅਸੰਗੀ ਹਨ। ਜੋ ਤੱਤਵਾਂ ਦਾ ਚਿੰਤਨ ਮਨਨ ਕਰ ਸਕਦੇ ਹਨ। ਬੁਲਾਉਣ ਤੇ ਆ ਸਕਦੇ ਹਨ। ਉਹ ਸੰਗੀ ਹੈ ਪੰਜ ਇੰਦਰੀ ਜੀਵਾਂ ਵਿਚ ਸੰਗੀ ਅਤੇ ਅਸੰਗੀ ਦੋਵੇਂ ਤਰ੍ਹਾਂ ਦੇ ਹਨ। ਦੇਵਤੇ ਤੇ ਨਾਰਕੀ ਵੀ ਸੰਗੀ ਹਨ ਕਿਉਂਕਿ ਉਨ੍ਹਾਂ ਪਾਸ ਮਨ ਪਰਿਆਪਤੀ ਹੈ।

ਜੈਨ ਧਰਮ ਅਨੁਸਾਰ ਮਨ ਵੀ ਇਕ ਇੰਦਰੀ ਦੀ ਤਰ੍ਹਾਂ ਹੈ। ਕਿਉਂਕਿ ਮਨ ਤੋਂ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਪਰ ਹੋਰ ਇੰਦਰੀਆਂ ਦੀ ਤਰ੍ਹਾਂ ਇਸ ਨੂੰ ਸਿਧ ਕਰਨ ਵਾਲਾ ਕੋਈ ਵਾਹਰੀ ਸਾਧਨ ਨਹੀਂ। ਇਸ ਲਈ ਇਸ ਨੂੰ 'ਅੰਤਕਰਨ' ਵੀ ਆਖਦੇ ਹਨ। ਜੋ ਮਨ ਗਿਆਨ ਪ੍ਰਾਪਤੀ ਦਾ ਸਾਧਨ ਹੈ ਫੇਰ ਰੂਪ ਆਦਿ ਵਿਸ਼ੇ ਦੇ ਗਿਆਨ ਲਈ ਹੋਰ ਇੰਦਰੀਆ ਦੇ ਅਧੀਨ ਹੋਣ ਦੇ ਕਾਰਣ, ਜੈਨ ਦਰਸ਼ਨ ਵਿਚ ਇਸ ਨੂੰ **ਅਨਿੰਦਰੀਆਂ** ਜਾਂ **ਨੋਇੰਦਰੀਆਂ** ਕਿਹਾ ਗਿਆ ਹੈ ਪਰ ਅਧੀਨ ਹੋਣ ਤੇ ਵੀ ਮਨ ਦੀ ਸ਼ਕਤੀ ਬਾਹਰੀ ਇੰਦਰੀਆਂ ਦੀ ਤਰ੍ਹਾਂ ਨਹੀਂ ਫੈਲੀ। ਬਾਹਰਲੀ ਇੰਦਰੀਆਂ ਤੋਂ ਮੂਰਤ (ਸ਼ਕਲਵਾਲੇ) ਪਦਾਰਥ ਦਾ ਗਿਆਨ ਹੁੰਦਾ ਹੈ ਉਹ ਵੀ ਕਿਸੇ ਅੰਸ਼ ਤਕ। ਮਨ ਦਾ ਕੰਮ ਵਿਚਾਰ ਕਰਨਾ ਹੈ। ਮਨ ਜਿਸ ਪ੍ਰਕਾਰ ਇੰਦਰੀਆ ਰਾਹੀਂ ਗ੍ਰਹਿਣ ਕੀਤੇ ਵਿਸ਼ੇ ਤੇ ਵਿਚਾਰ ਕਰਦਾ ਹੈ ਉਸੇ ਪ੍ਰਕਾਰ ਇੰਦਰੀਆਂ ਤੋਂ ਬਾਹਰ ਵਿਸ਼ੇ ਦੇ ਵਿਚਾਰ ਕਰ ਸਕਦਾ ਹੈ।

ਜੈਨ ਦਰਸ਼ਨ ਵਿਚ ਮਨ ਪੁਦਗਲ ਹੈ। ਇਹ ਦੋ ਪ੍ਰਕਾਰ ਦਾ ਹੈ।

(1) ਦਰਵ ਮਨ (2) ਭਾਵ ਮਨ।

(1) ਦਰਵ ਮਨ :—ਇਹ ਵਿਸ਼ੇਸ਼ ਪ੍ਰਕਾਰ ਦੇ ਪ੍ਰਮਾਣੂ (ਮਨ ਵਰਗਨਾਂ) ਤੋਂ ਬਨਿਆ ਹੈ। ਜੋ ਵਿਚਾਰ ਵਿਚ ਸਹਾਇਕ ਹੈ। ਬਿਨ੍ਹਾਂ ਦਰਵ ਮਨ ਦੇ ਭਾਵ ਮਨ ਦਾ ਵਿਚਾਰ ਨਹੀਂ ਹੋ ਸਕਦਾ। ਇਹੋ ਕਾਰਣ ਹੈ ਕਿ ਹਰ ਜੀਵ, ਇਕ ਇੰਦਰੀਆਂ ਤੋਂ ਚਾਰ ਇੰਦਰੀਆਂ ਤਕ ਭਾਵ ਮਨ ਰਹਿਤ ਹੋਣ ਤੇ ਵੀ,ਦਰਵ ਮਨ ਨਾ ਰਹਿਨ ਕਾਰਣ ਸ਼ਕਤੀ ਰਹਿਤ ਹੁੰਦੇ ਹਨ। ਜੈਨ ਦਰਸ਼ਨ, ਮਨ ਨੂੰ ਸਮੁਚੇ ਸਰੀਰ ਵਿਚ ਵਿਆਪਕ ਮੰਨਦਾ ਹੈ। ਸ਼ਰੀਰ ਦੇ ਨਸ਼ਟ ਹੋਣ ਨਾਲ ਮਨ ਵੀ ਖਤਮ ਹੋ ਜਾਂਦਾ ਹੈ। ਸੋ ਅਸੰਗੀ ਜੀਵ ਆਪਣੀ ਕੋਈ ਗਲ ਨਹੀਂ ਦਸ ਸਕਦੇ ਜਿਵੇਂ ਪੰਜ ਇੰਦਰੀ ਵਾਲੇ ਸੰਗੀ ਜੀਵ ਦਸਦੇ ਹਨ। ਸੋ ਇਹ ਜੀਵ ਅਵਿਕਸਤ (ਅਸੰਗੀ) ਮਨ ਵਾਲੇ ਅਖਵਾਉਂਦੇ ਹਨ। ਜਿਸ ਦੇ ਸਹਾਰੇ ਸਾਨੂੰ ਗਿਆਨ ਪ੍ਰਾਪਤ ਹੁੰਦਾ ਹੈ ਉਸ ਨੂੰ ਇੰਦਰੀ ਮਨਿਆ ਗਿਆ ਹੈ। ਇੰਦਰੀਆਂ ਦੋ ਪ੍ਰਕਾਰ ਦੀਆਂ ਹਨ। (1) ਦਰਵ ਇੰਦਰੀ (2) ਭਾਵ ਇੰਦਰੀ। ਦਰਵ ਇੰਦਰੀਆਂ ਪੁਦਗਲ ਰਾਹੀਂ ਪੈਦਾ ਹੋਈ ਜੜ ਹਨ ਭਾਵ,ਇੰਦਰੀਆ ਚੇਤਨਾਂ ਰਾਹੀਂ ਪੈਦਾ ਹੁੰਦੀ-ਆਂ ਹਨ। ਦਰਵ ਇੰਦਰੀ ਵੀ ਦੋ ਪ੍ਰਕਾਰ ਦੀ ਹੈ ਕਿ ਨਿਵਰਤੀ ਤੇ ਉਪ ਕਰਨ। ਜੜ ਪੁਦਗਲ ਤੋਂ ਨਿਰਮਤ ਇੰਦਰੀ ਦਾ ਜੋ ਬਾਹਰੀ ਅਕਾਰ ਹੈ ਉਹ ਨਿਵਰਤੀ ਇੰਦਰੀਆ ਅਤੇ ਜੋ ਅੰਦਰਲੀ ਪੁਦਗਲ ਸ਼ਕਤੀ ਹੈ ਉਹ ਉਪਕਰਨ ਇੰਦਰੀ। ਭਾਵ ਇੰਦਰੀਆ ਦੋ ਪ੍ਰਕਾਰ ਦੀਆਂ ਹਨ (1) ਲੱਬਧੀ (2) ਉਪਯੋਗ। ਲੱਬਧੀ ਇੰਦਰੀ ਆਤਮਿਕ ਵਿਸ਼ੇਸ਼ ਪਰਿਣਾਮ (ਅਵਸਥਾ)


ਹੈ। ਲੱਬਧੀ, ਨਿਵਰਤੀ ਅਤੇ ਉਪਕਰਨ ਤਿਨਾ ਦੇ ਸਹਿਯੋਗ ਨਾਲ ਰੂਪ ਆਦਿ ਵਿਸ਼ੇ ਦਾ ਜੋ ਆਮ ਜਾਂ ਖਾਸ ਗਿਆਨ ਹੈ ਉਸ ਨੂੰ ਉਪਯੋਗ ਇੰਦਰੀਆਂ ਆਖਦੇ ਹਨ। ਉਪਯੋਗ ਇੰਦਰੀਆਂ ਦੇ ਗਿਆਨ ਤੇ ਦਰਸ਼ਨ ਰੂਪ ਹੈ। ਹਰ ਇੰਦਰੀਆਂ ਵਿਚ ਦੋ ਪ੍ਰਕਾਰ ਦੇ ਦਰਵ ਅਤੇ ਭਾਵ ਰੂਪ ਇਕ ਇੰਦਰੀਆ ਵਿਚ ਹਨ। ਕਿਸੇ ਕਾਰਣ ਦਾ ਅਧੂਰਾ ਹੋਣ ਨਾਲ ਇੰਦਰੀ ਅਪੂਰਨ ਰਹਿ ਜਾਂਦੀ ਹੈ। ਤਾਂ ਇੰਦਰੀ ਨਾਲ ਅਰੂਪੀ (ਸ਼ਕਲ ਰਹਿਤ) ਪਦਾਰਥ ਜਾਂ ਰੂਪੀ ਪਦਾਰਥ ਦੇ ਸਮੁਚੇ ਗੁਣ ਤੇ ਪਰਿਆਏ ਦਾ ਗਿਆਨ ਨਹੀਂ ਹੁੰਦਾ, ਕੇਵਲ ਰੂਪ, ਰਸ, ਗੰਧ, ਸਪਰਸ ਤੇ ਸ਼ਬਦਾ ਦਾ ਗਿਆਨ ਹੁੰਦਾ ਹੈ। ਪੰਜੇ ਇੰਦਰੀਆਂ ਦੇ ਅੱਡ ਅੱਡ ਵਿਸ਼ੇ ਹਨ। ਇਕ ਇੰਦਰੀ ਦਾ ਗਿਆਨ ਦੂਸਰੀ ਤੋਂ ਨਹੀਂ ਹੁੰਦਾ। ਇੰਦਰੀਆਂ ਦੀ ਸੰਖਿਆਂ ਅਨੁਸਾਰ ਜੀਵ ਰਾਸ਼ੀ ਦਾ ਜੋ ਭਾਗ ਕੀਤਾ ਜਾਂਦਾ ਹੈ ਉਹ ਦਰਵ ਇੰਦਰੀ ਤੇ ਨਿਰਭਰ ਹੈ। ਕਾਰਣ ਇਹ ਹੈ ਕਿ ਜੀਵ ਵਿਚ ਲਬੱਧੀ ਇੰਦਰੀ ਰੂਪ ਪੰਜ ਭਾਵ ਇੰਦਰੀਆਂ ਸੂਖਮ ਰੂਪ ਵਿਚ ਵਿਦਮਾਨ ਰਹਿੰਦੀਆਂ ਹਨ। ਪਰ ਉਸ ਜੀਵ ਦੇ ਸਭ ਦਰਵ ਇੰਦਰੀਆਂ ਨਾਂ ਹੋਣ ਤੇ ਕੋਈ ਭਾਵ ਇੰਦਰੀ ਕੰਮ ਨਹੀਂ ਕਰ ਸਕਦੀ।

ਛੋਟੇ ਜੀਵ ਤੋਂ ਲੈ ਕੇ ਮਨੁਖ ਤੇ ਦੇਵਤਾ ਤਕ ਸਾਰੇ ਸੰਸਾਰੀ ਜੀਵਾਂ ਵਿਚ ਭੋਜਨ, ਭੈ, ਮੈਥੁਨ (ਕਾਮ ਭੋਗ ਲਾਲਸਾ) ਅਤੇ ਪਰੀਗ੍ਰਹਿ ਇਨ੍ਹਾਂ ਚਾਰਾਂ ਪ੍ਰਤੀ ਜੋ ਤ੍ਰਿਸ਼ਨਾ (ਭਤਕਾਉ) ਹੈ ਉਹ ਸੰਗਿਆ ਹੈ। ਭੁੱਖ ਦੀ ਇੱਛਾ ਅਹਾਰ ਸੰਗਿਆ ਹੈ। ਡਰ ਦੇ ਆਉਣ ਤੇ ਭਜ ਕੇ ਛਿਪਨਾ ਭੈ ਸੰਗਿਆ ਹੈ। ਮੈਥੁਨ ਭੋਗ ਦੀ ਇੱਛਾ ਮੈਥੁਨ ਸੰਗਿਆ ਹੈ। ਧਨ, ਦੌਲਤ ਇਕੱਠੇ ਕਰਨ ਦੀ ਇੱਛਾ ਪਰਿਗ੍ਰਹਿ ਸੰਗਿਆ ਹੈ। ਇੱਛਾ, ਨਾਉ, ਦੁੱਖ ਦੇ ਅਰਥ ਵਿਚ ਵਿਚ ਵੀ ਸੰਗਿਆ ਸ਼ਬਦ ਦਾ ਪ੍ਰਯੋਗ ਆਇਆ ਹੈ।

## ਅਨੰਤ, ਸੰਖਿਆਤ ਅਤੇ ਅਸੰਖਿਆਤ

ਜੋ ਸੰਖਿਆ ਪੰਜ ਇੰਦਰੀਆ ਦਾ ਵਿਸ਼ਾ (ਗ੍ਰਹਿਣ ਕਰਨ ਦੀ ਸ਼ਕਤੀ) ਹੈ। ਉਹ ਸੰਖਿਆਤ ਹੈ ਉਸ ਤੋਂ ਉਪਰ ਦੀ ਸੰਖਿਆ ਅਵਧੀ ਗਿਆਨੀ ਮਹਾਂਪੁਰਸ਼ ਦਾ ਵਿਸ਼ਾ ਹੈ ਉਹ ਅਸਖਿਆਤ ਹੈ ਉਸ ਤੋਂ ਵੀ ਉਪਰ ਜੋ ਸੰਖਿਆ ਕੇਵਲ ਗਿਆਨ ਦੇ ਵਿਸ਼ੇ ਭਾਵ ਨੂੰ ਪ੍ਰਾਪਤ ਹੁੰਦੀ ਹੈ ਉਹ ਅਨੰਤ ਹੈ। ਸੋ ਸਧਾਰਨ ਮਨੁਖ ਸੱਖਿਆਤ ਤਕ ਜਾਨ ਸਕਦਾ ਹੈ। (ਜਿਨੇਦਰ ਸਿਧਾਂਤ ਕੋਸ਼ ਭਾਗ ਪਹਿਲਾ 59) ਆਯ (ਵਾਧੇ) ਰਹਿਤ ਅਤੇ ਲਗਾਤਾਰ ਵਿਆਏ (ਖਰਚ) ਸਹਿਤ ਹੋਣ ਤੇ ਵੀ ਜੋ ਰਾਸ਼ੀ ਕਦੇ ਸਮਾਪਤ ਨਾਂ ਹੋਵੇ ਉਹ ਅਨੰਤ ਹੈ [ਜੈਨ ਲਖਸ਼ਨਾਵਲੀ ਭਾਗ 1]

ਚਿੱਤਰ ਨੰ. 2



**ਜੀਵ ਵਿਗਿਆਨ** :

1) ਇਕ ਇੰਦਰੀਆਂ ਵਾਲੇ ਜੀਵ 2) ਦੋ ਇੰਦਰੀਆਂ ਵਾਲੇ ਜੀਵ 3) ਤਿੰਨ ਇੰਦਰੀਆਂ ਵਾਲੇ ਜੀਵ 4) ਚਾਰ ਇੰਦਰੀਆਂ ਵਾਲੇ ਜੀਵ 5) ਪੰਜ ਇੰਦਰੀਆਂ ਵਾਲੇ ਜੀਵ । 1] ਦੇਵ 2] ਮਨੁੱਖ 3] ਨਾਰਕੀ ੳ) ਜਲਚਰ ਅ] ਖੇਚਰ ੲ] ਸਥੱਲਚਰ

## ਸਥਾਵਰ ਜੀਵ (ਵੇਖੋ ਚਿੱਤਰ ਨੰ: 2)

### (1) ਪ੍ਰਿਥਵੀ ਕਾਇਆ ਦੇ ਚਾਰ ਭੇਦ

1) ਸੂਖਮ ਪ੍ਰਿਥਵੀ ਕਾਇਆ ਜੋ ਸਾਰੇ ਲੋਕ ਵਿਚ ਕੁਪੀ ਵਿਚ ਕੱਜਲ ਦੀ ਤਰ੍ਹਾਂ ਭਰੇ ਪਏ ਹਨ ।

2) ਵਾਦਰ ਪ੍ਰਿਥਵੀ ਕਾਇਆਂ ਨੂੰ ਦੇਸ਼ ਵੀ ਆਖਦੇ ਹਨ । ਇਹਨਾਂ ਵਿਚੋਂ ਅਸੀਂ ਕਿਸੇ 2 ਨੂੰ ਵੇਖ ਸਕਦੇ ਹਾਂ ਕਿਸੇ ਨੂੰ ਨਹੀਂ । ਪਰੀਆਪਤ ਤੇ ਅਪਰੀਆਪਤ ਭੇਦ ਕਾਰਣ ਇਨ੍ਹਾਂ ਦੇ 4 ਭੇਦ ਹਨ ।

(1) ਕਾਲੀ ਮਿੱਟੀ (2) ਨੀਲੀ ਮਿੱਟੀ (3) ਪੀਲੀ ਮਿੱਟੀ (4) ਸਫੇਦ ਮਿੱਟੀ (5) ਪਾਡੂੰ (6) ਗੋਪੀਚੰਦਨ ਇਹ ਕੋਮਲ ਮਿਟੀਆ ਹਨ ।

22 ਕਠੋਰ ਪ੍ਰਿਥਵੀਆਂ ਹਨ :

(1) ਖਾਨ (2) ਮੁਰੜ (3) ਰੇਤਾ (4) ਪਥਰ (5) ਸ਼ਿਲ (6) ਨਮਕ (7) ਸਮੁਦਰ ਦੀ ਖਾਰ (8) ਲੋਹੇ ਦੇ ਦੀ ਮਿਟੀ (9) ਤਾਬੇ ਦੀ ਮਿਟੀ (10) ਤਰੂਆ ਦੀ ਮਿਟੀ (11) ਸ਼ੀਸ਼ੇ ਦੇ ਮਿਟੀ (12) ਚਾਂਦੀ ਦੀ ਮਿਟੀ (13) ਸੋਨੇ ਦੀ ਮਿਟੀ (14) ਬਜਰ ਹੀਰਾ (15) ਹੜਤਾਲ (16) ਹਿੰਗਲ (17) ਮੈਨਮਿਲੀ (18) ਰਤਨ (19) ਸੁਰਮਾ (20) ਪ੍ਰਵਾਲਮੁੰਗ (21) ਅਭਰਕ (22) ਪਾਗ

### 18 ਰਤਨ

(1) ਗੋਮੇਦ (2) ਰੁਚਕ (3) ਅੰਕ (4) ਸਫ਼ਟਿਕ (5) ਲੋਹਿਤਾਕਸ਼ (6) ਮਰਕਤ (7) ਮਸਲਗ (8) ਭਜ ਮੋਚਕ (9) ਇੰਦਰ ਨੀਲ (10) ਚੰਦਰਨੀਲ (11) ਗੇਰੁਕ (12) ਹੰਸ ਗਰਭ (13) ਪੌਲਕ (14) ਚੰਦਰ ਪ੍ਰਭ (15) ਬੇਡਰਿਆ (16) ਜਲਕਾਤ (17) ਸੁਰਿਆਕਾਤ (18) ਸੁੰਗਧੀ ਰਤਨ ।

### (2) ਅਪਕਾਇਆ (ਪਾਣੀ) ਦੇ 4 ਭੇਦ ਹਨ

(1) ਸਾਰੇ ਲੋਕਾਂ ਵਿਚ ਫੈਲਿਆ ਸੁਖਮ ਅਪਕਾਇਆ (2) ਲੋਕ ਦੇ ਇਕ ਦੇਸ਼ ਵਿਚ ਨਜ਼ਰ ਆਉਣ ਵਾਲੀ ਮੱਟੀ ਅੱਪਕਾਈਆ ਦੇ ਦੋ ਪਰਿਆਪਤ ਅਪਰਿਆਪਤ ਭੇਦ ਹਨ ।

### ਪਾਣੀ 16 ਪ੍ਰਕਾਰ ਦਾ ਪਰਮੁੱਖ ਹੈ

(1) ਵਰਖਾ (2) ਸਦਾ ਰਾਤ ਨੂੰ ਵਰਸਨ ਵਾਲਾ (3) ਮੇਘਜਲ (4) ਸ਼ਬਨਮ (5) ਔਲੇ (6) ਔਸ (7) ਗਰਮ ਪਾਣੀ ਜਾਂ ਗੰਧਕ ਦਾ ਪਾਣੀ (9) ਖਾਰਾ ਪਾਣੀ (10) ਖਟਾ ਪਾਣੀ (11) ਦੁੱਧ ਵਰਗਾ ਪਾਣੀ (12) ਵਾਰੁਣੀ ਸ਼ਰਾਬ ਵਰਗਾ ਪਾਣੀ (13) ਘੀ ਜਿਹਾ ਪਾਣੀ (14) ਮਿਠਾ ਪਾਣੀ (15) ਗੰਨੇ ਦੇ ਰਸ ਵਰਗਾ ਪਾਣੀ ।

## (3) ਤੇਜਸਕਾਇਆ (ਅੱਗ) ਦੇ ਭੇਦ

ਇਸ ਦਾ ਪਹਿਲਾ ਭੇਦ ਸੂਖਮ ਤੇਜਸ ਕਾਇਆ ਹੈ ਇਸ ਦੇ ਜੀਵ ਸਾਰੇ ਲੋਕ ਅਲੋਕ ਵਿਚ ਠਸਾ ਠਸ ਭਰੇ ਪਏ ਹਨ। ਦੂਸਰੇ ਵਾਕਰ ਤੇਜਸ ਕਾਈਆਂ ਹੈ ਲੋਕਾਂ ਦੇ ਇਕ ਹਿੱਸੇ ਵਿਚ ਹਨ। ਇਸ ਦੇ ਪਰੀਆਪਤ ਅਤੇ ਅਪਰੀਆਪਤ ਦੋ ਭੇਦ ਵੀ ਹਨ '

**ਵਾਕਰ ਅੱਗ 14 ਪਰਕਾਰ ਦੀ ਹੈ :**

(1) ਭੁਭਲ ਦੀ ਅੱਗ (2) ਆਵੇ ਵੀ ਅੱਗ (3) ਟੁਟ ਦੀ ਜਵਾਲਾ (4) ਅਖੰਡ ਜਵਾਲਾ (5) ਚਕਮਕ ਪਥਰ ਦੀ ਅੱਗ (6) ਬਿਜਲੀ (7) ਖਿਰਨਵਾਲਾ ਤਾਰਾ (8) ਅਰਨੀ ਦੀ ਅੱਗ (9) ਬਾਂਸ (10) ਕਾਠ (11) ਸੁਰਿਆਕਾਂਤ ਕੱਚ ਦੀ ਅੱਗ (12) ਜੰਗਲ ਦੀ ਅੱਗ (13) ਉਲਕਾਪਾਤ (14) ਸਮੁੰਦਰ ਦੀ ਅੱਗ।

**ਵਾਯਕਾਈਆ ਦੇ ਭੇਦ :**

ਸੂਖਮ ਅਤੇ ਵਾਦਰ ਪਰੀਆਪਤ ਅਤੇ ਅਪਰਿਆਤ ਇਸਦੇ 4 ਭੇਦ ਹਨ ਸੂਖਮ ਵਾਯੂ ਸਾਰੇ ਲੋਕ ਵਿਚ ਠਸਾਠਸ ਭਰੀ ਲਈ ਹੈ ਜਦ ਕਿ ਵਾਦਰ ਲੋਕ ਦੇ ਖਾਸ ਭਾਗਾਂ ਵਿਚ ਹੈ। ਹਵਾ 16 ਪ੍ਰਕਾਰ ਦੀ ਹੈ।

(1) ਪੂਰਵ (2) ਪੱਛਮ (3) ਉਤਰ (4) ਦਖਣ (5) ਉੱਚੀ ਦਿਸ਼ਾ (6) ਨੀਚੀ ਦਿਸਾ (7) ਤਿਰਛੀ ਦਿਸ਼ਾ (8) ਵਿਦਿਸ਼ਾ (9) ਚੱਕਰ ਖਾਨ ਵਾਲੀ ਹਵਾ (10) ਚਾਰੇ ਪਾਸੇ ਫਿਰਨ ਵਾਲੀ ਹਵਾ (11) ਮੰਡਲ ਉੱਚਾ ਚੜਨ ਵਾਲੀ ਹਵਾ (12) ਗੁੰਜਨ ਵਾਲੀ ਹਵਾ (13) ਝਾੜਾ ਨੂੰ ਪੁਟਣ ਵਾਲੀ (14) ਹੌਲੀ 2 ਚਲਨ ਵਾਲੀ ਸ਼ੁਧ ਹਵਾ (16) ਤਨੁਵਾਯੂ (ਇਹੋ ਦੋਵੇਂ ਪ੍ਰਕਾਰ ਦੀ ਹਵਾ ਨਰਕ ਅਤੇ ਸਵਰਗ ਦੇ ਹੇਠਾਂ ਹੈ। ਹੋਰ ਵੀ ਹਵਾ ਦੀਆਂ ਕਈ ਕਿਸਮਾਂ ਹਨ।

## 5 ਬਨਾਸਪਤੀ ਕਾਈਆ

ਇਸਦੇ ਮੁਖ 2 ਭੇਦ ਹਨ—

1) ਸਰਵ ਲੋਕ ਵਿਚ ਵਿਆਪਤ ਸੁਖਮ ਬਨਾਸਪਤੀ 2) ਲੋਕ ਦੇ ਇਕ ਦੇਸ ਵਿਚ ਰਹਿਣ ਵਾਲੀ ਵਾਦਰ ਬਨਾਸਪਤੀ ਕਾਈਆ। ਬਾਦਰ ਬਨਾਸਪਤੀ ਕਾਈਆ ਦੇ ਦੋ ਭੇਦ ਹਨ।

1) ਪ੍ਰਤਯੇਕ ਸ਼ਰੀਰ (ਜਿਸ ਬਨਾਸਪਤੀ ਦੇ ਅੰਦਰ ਇਕ ਸਰੀਰ ਵਿਚ ਇਕ ਜੀਵ ਹੋਵੇ।

2) ਸਾਧਾਰਨ ਸਰੀਰ (ਜਿਥੇ ਇਕ ਸਰੀਰ ਵਿਚ ਅਨੰਤ ਜੀਵ ਹੋਣ)।

ਇਸੇ ਪ੍ਰਕਾਰ ਸੁਖਮ, ਪ੍ਰਤਯੇਕ. ਸਾਧਾਰਨ, ਪਰਿਆਪਤ, ਅਪਰਿਆਪਤ ਦੇ 6 ਭੇਦ ਹੋ ਜਾਂਦੇ ਹਨ—

## ਪ੍ਰਤਯੇਕ ਬਨਾਸਪਤੀ ਦੇ 12 ਭੇਦ

1, ਬ੍ਰਿਖ—ਇਸ ਦੇ ਦੋ ਭੇਦ ਹਨ 1) ਇਕ ਬੀਜ ਵਾਲੇ 2) ਬਹੁਤ ਬੀਜ ਵਾਲੇ

ਹਰੜ ਆਦਿ ਇਕ ਬੀਜ ਵਾਲੇ ਹਨ। ਅਨਾਰ ਆਦਿ ਬਹੁਤ ਬੀਜ ਵਾਲੇ ਹਨ।

2. ਗੁੱਛੇ—ਤੁਲਸੀ ਵਰਗੇ ਬੂਟੇ ਗੁੱਛੇ ਅਖਵਾਉਂਦੇ ਹਨ।

3. ਗੁਲਮ—ਗੁਲਾਬ, ਕੇਵੜਾ ਆਦਿ ਫੁੱਲਾਂ ਦੇ ਝਾੜ ਗੁਲਮ ਹਨ।

4. ਲਤਾ—ਜਮੀਨ ਤੇ ਫੈਲ ਕੇ ਉਪਰ ਨੂੰ ਜਾਣ ਵਾਲੇ ਅਨੇਕਾ ਵੇਲਾ ਵਾਲੀ ਅਸ਼ੋਕ ਲਤਾ ਆਦਿ ਦੇ ਝਾੜ ਲਤਾ ਹਨ।

5. ਬਲੀ—ਤੋਰੀ, ਕਕੜੀ ਦੇ ਜਮੀਨ ਤੇ ਫੈਲੀਆਂ ਵੇਲਾਂ ਬੱਲੀ ਹਨ।

6. ਤਰਿਣ—ਘਾਂਹ, ਦੁਭ ਆਦਿ ਘਾਹ ਤਰਿਣ ਹਨ।

7. ਬੱਲਯਾ—ਦਰਖਤ ਉਪਰ ਵਲ ਗੋਲ ਅਕਾਰ ਹੋਵੇ ਬੇਲਿਆ ਹੈ ਜਿਵੇਂ ਸੁਪਾਰੀ ਖਜੂਰ, ਦਾਲ ਚੀਨੀ, ਇਲਾਇਚੀ, ਲੋਂਗ।

8. ਪਵਯਾ—ਜਿਸ ਬਨਾਸਪਤੀ ਤੇ ਵਿਚਕਾਰ ਗਠਾ ਹੋਵੇ। ਜਿਵੇਂ ਗਨੀ, ਬਾਰਾਂ ਤੇ ਵੈਂਤ ਦੇ ਦਰਖਤ।

9. ਕੁਹਣ—ਜੋ ਬੂਟੇ ਜਮੀਨ ਫੋੜ ਕੇ ਬਾਹਰ ਆਉਣ ਜਿਵੇਂ ਕੁਤੇ ਦਾ ਟੋਪ ਆਦਿ ਹੈ।

10. ਜਲਬ੍ਰਿਖ—ਭਸਲਾ, ਸਿੰਘਾੜਾ ਆਦਿ ਪਾਣੀ ਵਿਚ ਉਤਪੰਨ ਹੋਣ ਵਾਲੇ ਜਲਬ੍ਰਿਖ ਹਨ।

11. ਔਸ਼ਧਿ—ਇਸ ਵਿਚ 24 ਪ੍ਰਕਾਰ ਦੇ ਧਾਨ, ਦਾਲਾਂ ਸ਼ਾਮਲ ਹਨ।

12. ਹਰਿਤ—ਜਿਸ ਦੇ ਪਤਿਆਂ ਦੀ ਭਾਜੀ ਬਣ ਸਕੇ ਜਿਵੇਂ ਮੂਲੀ, ਮੇਥੀ, ਬਾਥੂ,

ਇਹ ਸਭ ਪ੍ਰਤਯੇਕ ਬਨਾਸਪਤੀ ਦੇ ਭੇਦ ਹਨ ਇਹ ਜਦ ਤਕ ਹਰੇ ਰਹਿੰਦੇ ਹਨ ਉਸ ਵਿਚ ਅਸੰਖਿਅਤ ਜੀਵ ਪਾਏ ਜਾਂਦੇ ਹਨ। ਪਕ ਜਾਣ ਤੇ ਜਿੰਨੇ ਬੀਜ ਹੁੰਦੇ ਹਨ ਪਕੇ ਬੀਜ ਹੀ ਜੀਵ ਰਹਿੰਦੇ ਹਨ।

## ਸਾਧਾਰਣ ਬਨਾਸਪਤੀ

ਮੂਲੀ, ਅਦਰਕ, ਲੱਸਣ, ਪਿਆਜ, ਹਰ ਤਰਾਂ ਦਾ ਜਿਮੀਕੰਦ ਜੋ ਫੁੱਲ ਦੇ ਰੂਪ ਵਿਚ ਜ਼ਮੀਨ ਵਿਚ ਰਹਿੰਦੇ ਹਨ। ਸੂਈ ਦੀ ਨੋਕ ਤੇ ਵੀ ਸਧਾਰਣ ਬਨਾਸਪਤੀ ਦੇ ਛੋਟੇ ਟੁਕੜੇ ਵਿਚ ਨਿਗੋਦੀਆ ਜੀਵਾਂ ਦੀਆਂ ਅਸੰਖਿਆਤ ਸ਼੍ਰੈਣੀਆਂ ਹਨ।

ਨਿਗੋਦੀਆ ਜੀਵ ਮਨੁੱਖ ਦੇ ਇਕ ਸਾਹ ਦੇ ਸਮੇਂ ਵਿਚ 17½ ਵਾਰ ਜਨਮ ਮਰਨ ਕਰਦਾ ਹੈ। 48 ਮਿੰਟ (ਇਕ ਸ਼ਹੂਰਤ) 65536 ਵਾਰ ਜਨਮ ਮਰਨ ਦਾ ਕਸ਼ਟ ਨਿਗੋਦ ਦੇ ਜੀਵ ਭੋਗਦੇ ਹਨ। ਸੋ ਸਾਰੇ ਸਥਾਵਰ ਤਰਿਅੰਚ ਜੀਵ ਦੇ 22 ਭੇਦ ਹਨ।

## ਤਰੱਸ ਕਾਇਆ

ਇਸ ਤਰੱਸ ਜੀਵਾਂ ਦੀ ਉਤਪਤੀ ਦੇ 8 ਸਥਾਨ ਹਨ

1) ਅੰਡਜ—ਅੰਡੇ ਤੋਂ ਉਤਪੰਨ ਹੋਣ ਵਾਲੇ।

2) ਪੋਤਜ—ਜਨਮ ਤੋਂ ਬਾਅਦ ਹੀ ਚਲਣ ਫਿਰਨ ਵਾਲੇ ਹਾਥੀ ਆਦਿ ਜੀਵ।

3) ਜੇਰਜ਼ਾ—ਜੇਰ ਤੋਂ ਉਤਪੰਨ ਹੋਣ ਵਾਲੇ ਗਊ, ਮਨੁੱਖ ਪ੍ਰਾਣੀ।

4) ਰਸ਼ਜ—ਰਸ ਤੋਂ ਉਤਪੰਨ ਹੋਣ ਵਾਲੇ ਕੀੜੇ।

5) ਸੰਸਵੇਦਜ—ਪਸੀਨੇ ਤੋਂ ਉਤਪੰਨ ਹੋਣ ਵਾਲੇ ਜੂੰ ਆਦਿ ਜ਼ੀਵ।

6) ਸਮੁਰਛਿਮ—ਬਿਨਾਂ ਮਾਤਾ ਪਿਤਾ ਦੇ ਮੇਲ ਤੋਂ ਪੈਦਾ ਹੋਣ ਵਾਲੇ ਪ੍ਰਾਣੀ। ਇਧਰ ਉਧਰ ਦੇ ਪੁਦਗਲ ਵੀ ਮੱਖੀ ਆਦਿ ਜੀਵਾਂ ਨੂੰ ਜਨਮ ਦਿੰਦੇ ਹਨ।

7) ਉਦਭਿਜ—ਜ਼ਮੀਨ ਫੋੜ ਕੇ ਪੈਦਾ ਹੋਣ ਵਾਲੇ ਪੰਤਗੇ ਆਦਿ।

8) ਔਪਾਪਤਿਕ—ਉਪਪਾਤ ਸੈਯਾ (ਦੇਵਤਿਆ ਦੀ ਉਤਪਤੀ ਆਸਨ) ਅਤੇ ਨਾਰਕੀ, ਖ਼ੱਡਾਂ ਦੇ ਜੀਵ।

**ਤਰੱਸ ਜੀਵਾਂ ਦੇ ਲੱਛਣ** (ਵੇਖੋ ਚਿੱਤਰ ਨੰ. 2)

1) ਸਾਮਣੇ ਆਉਣਾ 2) ਪਿਛੇ ਹਟਨਾ 3) ਸਰੀਰ ਨੂੰ ਸਿਕੋੜਨਾ 4) ਸਰੀਰ ਫੈਲਾਉਣਾ 5) ਬੋਲਨਾ ਜਾਂ ਰੋਣਾ 6) ਡਰਨਾ 7) ਦੁੱਖ ਕਸ਼ਟ ਪਾਉਣਾ 8) ਦੌੜਨਾ 9) ਆਵਾਗਮਨ ਕਰਨਾ। ਇਹ ਲੱਛਣ ਤਰੱਸ ਜੀਵ ਦੀ ਪਛਾਣ ਹਨ।

## ਤਰੱਸ ਕਾਇਆ ਦੇ ਜੀਵ

## ਤਰੱਸ ਤਰਿਅੰਚ ਦੇ 26 ਭੇਦ ਹਨ

**ਦੋ ਇੰਦਰੀਆਂ ਵਾਲੇ**—ਸੰਖ, ਸੀਪੀ, ਕੋਡੀ ਕਿਰਮ ਜਿਸ ਵਿਚ ਸ਼ਪਰਸ਼ ਅਤੇ ਰਸਨਾ ਇੰਦਰੀਆਂ ਹਨ ਇਨ੍ਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

**ਤਿੰਨ ਇੰਦਰੀਆਂ ਵਾਲੇ**—ਜੂੰ, ਲੀਖ. ਖੱਟਮਲ, ਦੀਮਕ, ਮਕੌੜ, ਸਰੀਰ, ਮੂੰਹ, ਨੱਕ ਆਦਿ ਤਿੰਨ ਖਿੰਦਰੀਆਂ ਹੋਣ ਉਹ ਇਸ ਸ਼ਰੇਣੀ ਵਿਚ ਆਉਂਦੇ ਹਨ। ਇਹ ਵੀ ਪਰਿਆਪਤ ਅਤੇ ਅਪਰਿਆਪਤ ਦੋ ਪ੍ਰਕਾਰ ਦੇ ਹਨ।

**ਚਾਰ ਇੰਦਰੀ ਵਾਲੇ**--ਮੱਛਰ, ਮੱਖੀ, ਟਿੱਡੀ, ਮੱਕੜੀ ਆਦਿ ਇਸ ਵਿਚ ਸ਼ਾਮਲ ਹਨ। ਇਹ ਚਾਰ ਇੰਦਰੀ ਹਨ 1) ਕੰਨ 2) ਮੂੰਹ 3) ਨੱਕ 4) ਅੱਖ
ਇਹ ਤਰੱਸ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

**ਪੰਜ ਇੰਦਰੀ ਤਰੱਸ ਦੇ 20 ਭੇਦ ਹਨ**

1) ਜਲਚਰ—ਪਾਣੀ ਵਿਚ ਰਹਿਣ ਵਾਲੇ ਮੱਛੀ ਆਦਿ ਜੀਵ, ਇਸਦੇ ਚਾਰ ਭੇਦ ਹਨ 1) ਸੰਗੀ 2) ਅਸੰਗੀ 3) ਪਰਿਆਪਤ 4) ਅਪਰਿਆਪਤ

2) ਸੱਥਲ ਚਰ—ਜ਼ਮੀਨ ਤੇ ਰਹਿਣ ਵਾਲੇ ਜੀਵ। ਇਨਾ ਦੇ ਚਾਰ ਭੇਦ ਹਨ ਇਹ ਘੋੜੇ ਗੰਧ ਇਕ ਖੁਰ ਵਾਲੇ ਹਨ ਦੋ ਖੁਰ ਵਾਲੇ ਵਿਚ ਗਾਂ, ਬਕਰਾ ਸ਼ਾਮਲ ਹਨ। ਪੰਜੇ ਵਾਲੇ ਸ਼ੇਰ, ਚੀਤੇ ਸਣੀਪਦ ਹਨ।

3) ਖੇਚਰ-ਅਕਾਸ਼ ਵਿਚ ਉਡਨ ਵਾਲੇ ਜੀਵ—ਇਨਾਂ ਦੇ ਵੀ ਪਹਿਲਾਂ ਦਸੇ ਚਾਰ